# ਦੇਸ਼ ਦੁਆਬਾ

VOL -2 ISSUE - 2
April 16-30, 2013
www.deshdoaba.com
www.ambedkartimes.com

ਭਾਰਤ ਦੀ ਆਜ਼ਾਦੀ ਦੇ ਘੁਲਾਟੀਏ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ 33ਵੀਂ ਬਰਸੀ ਤੇ ਅਦਾਰਾ "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਨਿੱਘੀ ਸ਼ਰਧਾਂਜਲੀ ਦਿੰਦਾ ਹੈ।



BABA MANGU RAM MUGGOWALIA JI
14-01-1886 - 22-04-1980

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਡਾ.ਅੰਬੇਦਕਰ ਜੀ ਦਾ 122ਵਾਂ ਜਨਮ ਦਿਨ ਨਿਊਯਾਰਕ, ਸੈਕਰਾਮੈਂਟੋ ਅਤੇ ਤਲਵੰਡੀ ਫੱਤੂ ਵਿਖੇ ਧੂਮ-ਧਾਮ ਨਾਲ ਮਨਾਇਆ



ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਭਾਰਤ ਰਤਨ ਡਾ. ਅੰਬੇਦਕਰ ਜੀ ਦਾ ਜਨਮ ਦਿਨ ਧੂਮ-ਧਾਮ ਨਾਲ ਮਨਾਇਆ (ਦੇਖੋ ਸਫਾ 16 ਤੇ)



ਤਲਵੰਡੀ ਫੱਤੂ (ਪੰਜਾਬ) ਵਿਖੇ ਡਾ. ਅੰਬੇਦਕਰ ਜਨਮ ਦਿਨ ਮਨਾਇਆ (ਦੇਖੋ ਸਫਾ 16 ਤੇ)











ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਵਿਸਾਖੀ ਪੁਰਬ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 112 ਵਾਂ ਜਨਮ ਦਿਹਾੜਾ ਮਨਾਇਆ- (ਦੇਖੋ ਸਫਾ 7 ਤੇ)

"ਦੇਸ਼ ਦੁਆਬਾ" ਲਈ ਨਵਾਂ ਕਾਲਮ "ਧਰਤ ਦੁਆਬੇ ਦੀ", ਦੁਆਬੇ ਤੋਂ ਉਘੇ ਲੇਖਕ ਤੇ ਸੰਪਾਦਕ ਸ੍ਰੀ ਬਲਜਿੰਦਰ ਮਾਨ ਜੀ ਅਗਲੇਰੇ ਅੰਕਾਂ ਦੇ ਲਈ ਸ਼ੁਰੂ ਕਰਨ ਜਾ ਰਹੇ ਹਨ। ਸਬੰਧਤ ਜਾਣਕਾਰੀ ਸਫਾ 5 ਤੇ ਪੜ੍ਹੋ।



## ਬਾਮਸੇਫ ਇੰਟਰਨੈਸ਼ਨਲ ਵੱਲੋਂ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਸਬੰਧੀ ਤਿਆਰੀਆਂ ਮੁਕੰਮਲ



ਸਟਾਕਟਨ- ਬਾਮਸੇਫ ਇੰਟਰਨੈਸ਼ਨਲ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਵਸ ਬੜੇ ਹੀ ਉਤਸ਼ਾਹ ਨਾਲ 28 ਅਪ੍ਰੈਲ ਦਿਨ ਸ਼ਨਿਚਰਵਾਰ ਨੂੰ ਹੋਲੀਡੇਅ ਇਨ, 9175 ਵੈਸਟ, ਸਟਾਕਟਨ ਬੁਲੇਵਾਲ, ਐਲਕ ਗ੍ਰੋਵ ਵਿਖੇ ਸ਼ਾਮੀ 6 ਤੋਂ 11 ਵਜੇ ਤੱਕ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਬਾਬਾ ਸਾਹਿਬ ਦੇ ਜੀਵਨ, ਸੰਘਰਸ਼ ਅਤੇ ਅੱਜ ਦੇ ਸੰਦਰਭ ਵਿਚ ਭਾਰਤ ਅਤੇ ਬਾਬਾ ਸਾਹਿਬ ਦੀ ਵਿਚਾਰਧਾਰਾ ਸਬੰਧੀ ਵਿਚਾਰਾਂ ਹੋਣਗੀਆਂ। ਇਸ ਸਮਾਗਮ ਵਿਚ ਦੇਸ਼ ਦੇ ਵੱਖ ਵੱਖ ਕੋਨਿਆਂ ਤੋਂ ਬੁੱਧੀਜੀਵੀ ਅਤੇ ਹੋਰ ਬੁਲਾਰੇ ਭਾਗ ਲੈਣਗੇ। ਸਮੂਹ ਭਾਰਤੀ ਮੂਲ ਨਿਵਾਸੀ ਸਮਾਜ ਨੂੰ ਇਸ ਸਮਾਗਮ ਵਿਚ ਸ਼ਿਰਕਤ ਕਰਨ ਲਈ ਹਾਰਦਿਕ ਸੱਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ ਅਮਰ ਦੜੋਚ 559-905-6217, ਐਮ. ਆਰ. ਪਾਲ 916-745-9159, ਮੱਖਣ ਲੁਹਾਰ 916-613-0577 ਤੇ ਪਲਵਿੰਦਰ ਮਾਹੀ 530-237-7084

## ਸੈਕਰਾਮੈਂਟੋ ਵਾਸੀਆਂ ਨੇ 24ਵਾਂ ਵਿਸਾਖੀ ਮੇਲਾ ਵਿਰਾਸਤੀ ਰੰਗਾਂ ਸੰਗ ਮਨਾਇਆ







ਸੈਕਰਾਮੈਂਟੋ (ਨਿਊਜ਼ ਬਿਊਰੋ) ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ 20 ਅਪ੍ਰੈਲ ਨੂੰ ਕਰਵਾਇਆ ਗਿਆ 24ਵਾਂ ਵਿਸਾਖੀ ਮੇਲਾ ਜੋ ਨਿਰੋਲ ਪੰਜਾਬੀ ਰੰਗ ਦੀਆਂ ਡਲ੍ਹਕਾਂ ਮਾਰ ਰਿਹਾ ਸੀ ਇਸ ਵਾਰ ਫੇਰ ਲੋਕ ਦਿਲਾਂ ਤੇ ਆਪਣੀ ਛਾਪ ਛੱਡ ਕੇ ਗਿਐ। ਇਥੇ ਵਸਦਿਆਂ ਤੂਤਾਂ ਵਾਲੇ ਖੂਹ ਦਾ ਆਨੰਦ ਤਾਂ ਭਾਵੇਂ ਅਸੀਂ ਨਹੀਂ ਮਾਣ ਸਕਦੇ ਪਰ ਓਹੀ ਝਲਕ, ਓਹੀ ਨਜ਼ਾਰਾ ਜਿਥੇ ਇਕ ਪਾਸੇ ਸਟੇਜ ਤੇ ਬਣੇਂ ਦ੍ਰਿਸ਼ਾਂ ਤੋਂ ਉਭਰ ਰਿਹਾ ਸੀ ਤੇ ਨਾਲ ਹੀ ਕੁਮਾਰ ਖਟਕੜ ਦੇ ਬੋਲਾਂ ਦੀ ਇਹ ਫੁਹਾਰ- ਤੂਤਾਂ ਵਾਲੇ ਖੂਹ ਦਾ ਖਟਕੜ ਕੀ ਕਹਿਣਾ, ਅੱਖ ਲਗਦੀ ਮਲੋ ਮਲੀ, ਜਦ ਛਾਵੇਂ ਬਹਿਣਾ।ਮਲੋ ਮਲੀ ਖਿਚ ਕੇ ਓਥੇ ਲਿਜਾ ਰਹੀ ਸੀ। ਪੰਜਾਬ ਤੇ ਪੰਜਾਬੀਅਤ ਨੂੰ ਸਮਰਪਤ ਇਸ ਸੰਸਥਾ ਨੇ ਆਪਣੇ ਅਹਿਦ ਨੂੰ ਨਿਭਾਉਦਿਆਂ 25 ਗੁਬਾਰੇ ਹਵਾ ਵਿਚ ਉਡਾਉਦਿਆਂ ਮੇਲੇ ਦਾ ਅਰੰਭ ਕੀਤਾ। ਉਡਦੇ ਰੰਗ ਬਰੰਗੇ 25 ਗੁਬਾਰੇ ਅਗਲੇ ਵਰ੍ਹੇ ਆਉਣ ਵਾਲੀ ਸਿਲਵਰ ਜੁਬਲੀ ਵਲ ਵੀ ਇਸ਼ਾਰਾ ਕਰ ਰਹੇ ਸਨ। ਮੇਲੇ ਦੀ ਮਕਬੂਲੀਅਤ ਦੀ ਗਵਾਹੀ ਤਾਂ ਇਹੋ ਗਲ ਭਰ ਰਹੀ ਸੀ ਕਿ ਛੋਟੇ ਛੋਟੇ ਬਚਿਆਂ, ਭੰਗੜੇ ਤੇ ਗਿੱਧੇ ਦੀਆਂ ਮਾਹਰ ਟੀਮਾਂ ਤੋਂ ਇਲਾਵਾ ਹੋਰ ਵਖ ਵਖ ਖੇਤਰਾਂ ਦੇ ਕਲਾਕਾਰਾਂ ਨੇ ਭੰਗੜੇ, ਡਾਂਸ, ਬੋਲੀਆਂ, ਸਕਿਟਾਂ, ਦੋਗਾਣਿਆਂ ਤੇ ਕਵੀਸ਼ਰੀਆਂ ਨਾਲ ਲਗਾਤਾਰ ਪੰਜ ਘੰਟੇ ਦਰਸ਼ਕਾਂ ਨੂੰ ਕੀਲੀ ਰਖਿਆ। ਸਟੇਜ ਤੇ ਦਲਜੀਤ ਲੋਪੋਂ ਨੇ 'ਓਹੀ ਹੈ ਜਵਾਨੀ ਜਿਹੜੀ ਦੇਸ਼ ਕੰਮ ਆਵੇ 'ਦੇ ਬੋਲਾਂ ਨਾਲ ਸਟੇਜ ਦਾ ਬਾਨਣੂੰ ਬੰਨਿਆ। ਉਸ ਤੋਂ ਤੁਰੰਤ ਬਾਅਦ ਰੰਗ ਬਰੰਗੀਆਂ ਪੁਸ਼ਾਕਾਂ ਅਤੇ ਸਿਰ ਤੋਂ ਪੈਰਾਂ ਤੀਕ ਗਹਿਣਿਆਂ ਨਾਲ ਲੱਦੀਆਂ ਛੋਟੀਆਂ ਪਰੀਆਂ

(ਬਾਕੀ ਸਫਾ 19 ਤੇ ਦੇਖੋ)

Amrik Chand (CPA)
Phone : 510-490-8200 Fax : 510-490-8202
Email : achand@pacbell.net
959 Corporate Way, Fremont, CA. 94539

Income Tax Preparatioin
(Individual, Corporation & LLC)
Payroll Services & Bank Keeping Services
• We are in this business since 1989.
Your satisfaction is our goal.
• Please call us for
Professional & reliable services at reasonable rates.



Toll Free 1-866-FOR-RAJA
www.rajasweets.com
msbains@rajasweets.com
Follow us on:

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



## Jai Bhim                Jai Bharat

"Go, and write on the walls of your houses that we were the Dasas (Slaves) of yesterday and want to be the rulers of tomorrow." -- *Dr. B. R. Ambedkar*

**We would like to request all to join Baba Sahib Dr. Ambedkar's 122nd Birth Anniversary on April 28th, 2013 at FIVE STAR BANQUET HALL , 13-15 43rd AVE LONG ISLAND CITY NEW YORK 11101**



Pirithi Pal Bangar



Ram Sawroop Bangar



Hardev Sahai



Balwinder Bhaura

# We congratulate all on Dr. Ambedkar's 122nd birth anniversary

# ਜਗਤਪੁਰ ਦੇ ਪਹਿਲੇ ਕਬੱਡੀ ਕੱਪ ਦੀ ਸ਼ਾਨਦਾਰ ਸ਼ੁਰੂਆਤ

## ਪਹਿਲਾ ਕਬੱਡੀ ਕੱਪ ਹੀ ਸ਼ਾਨਦਾਰ ਹੋ ਨਿਬੜਿਆ

ਜਲੰਧਰ- ਦੁਆਬੇ ਦੇ ਇਤਿਹਾਸਿਕ ਪਿੰਡ ਜਗਤਪੁਰ ਦੀ ਜੂਹ ਵਿਚ ਜੁੜੇ ਪਹਿਲੇ ਕਬੱਡੀ ਕੱਪ ਦੌਰਾਨ ਜਿੱਥੇ ਕਬੱਡੀ ਦੀਆਂ ਉਚਕੋਟੀ ਦੀਆਂ ਟੀਮਾਂ ਨੇ ਆਪੋ ਆਪਣੀ ਸਮਰੱਥਾ ਦਾ ਸ਼ਾਨਦਾਰ ਮੁਜਾਹਰਾ ਕੀਤਾ, ਉਥੇ ਖੇਤਰ ਭਰ ਚੋਂ ਵਹੀਰਾਂ



ਘੱਤ ਕੇ ਪੁੱਜੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆਂ। ਇਹ ਕਬੱਡੀ ਕੱਪ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪੇਂਡੂ ਖੇਤਰ ਨਾਲ ਸਬੰਧਤ ਸਵ: ਨਿਰੰਜਨ ਸਿੰਘ ਯਾਦਗਾਰੀ ਖੇਡ ਸਟੇਡੀਅਮ'ਚ ਹੋਇਆ। ਇਨ੍ਹਾਂ ਮੁਕਾਬਲਿਆਂ ਦੀ ਉਦਘਾਟਨੀ ਰਸਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਨਿਭਾਈ ਅਤੇ 50 ਹਜ਼ਾਰ ਰੁਪਏ ਦੀ ਗ੍ਰਾਂਟ ਵੀ ਦਿੱਤੀ।

ਇਸ ਮੌਕੇ ਫਾਈਨਲ ਮੁਕਾਬਲੇ ਦੌਰਾਨ ਬੀ.ਸੀ. ਕਬੱਡੀ ਕਲੱਬ ਸਮਰਾਲਾ ਦੀ ਟੀਮ ਜੇਤੂ ਰਹੀ। ਉਸ ਨੇ ਬਾਬਾ ਲੋਧੀਆਣਾ ਕਬੱਡੀ ਕਲੱਬ ਪਰਸਰਾਮਪੁਰ ਦੀ ਟੀਮ ਨੂੰ ਹਰਾ ਕੇ 34 ਦੇ ਮੁਕਾਬਲੇ 37 ਅੰਕਾਂ ਨਾਲ ਹਰਾਇਆ।ਇਸ ਖਿਤਾਬ ਲਈ 51 ਹਜ਼ਾਰ ਰੁਪਏ ਦਾ ਨਗਦ ਇਨਾਮ ਪ੍ਰਾਪਤ ਕੀਤਾ।ਉਪ ਜੇਤੂ ਟੀਮ ਨੂੰ 41 ਹਜ਼ਾਰ ਰੁਪਏ ਦਿੱਤੇ ਗਏ। ਦੂਜੇ ਪਾਸੇ ਆਲ ਓਪਨ ਕਬੱਡੀ ਟੀਮਾਂ 'ਚੋਂ ਗੜ੍ਹਸ਼ੰਕਰ ਦੀ ਕਬੱਡੀ ਟੀਮ ਨੇ ਜਗਤਪੁਰ ਦੀ ਟੀਮ ਨੂੰ ਪਛਾੜਿਆ, ਜਿਨ੍ਹਾਂ ਨੇ ਕ੍ਰਮਵਾਰ 15 ਹਜ਼ਾਰ ਦਾ ਇਨਾਮ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ 'ਚ ਕਬੱਡੀ ਟੀਮਾਂ ਨੂੰ ਅਸ਼ੀਰਵਾਦ ਸੰਤ ਪਰਗਣ ਦਾਸ ਡੇਰਾ ਪ੍ਰੇਮਪੁਰਾ ਜਗਤਪੁਰ ,ਬੰਗਾ ਦੇ ਸਾਬਕਾ ਵਿਧਾਇਕ ਚੌਧਰੀ ਮੋਹਨ ਸਿੰਘ ਬਹਿਰਾਮ,ਕਾਂਗਰਸੀ ਆਗੂ ਮਲਕੀਅਤ ਸਿੰਘ ਬਾਹੜੋਵਾਲ ,ਉਪ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਪਰਮਜੀਤ ਸਿੱਧਵਾਂ ਨੇ ਉਚੇਚੇ ਤੌਰ ਤੇ ਪਹੁੰਚ ਕੇ ਦਿੱਤਾ।

ਸਾਰੇ ਮਹਿਮਾਨਾਂ ਨੇ ਆਪੋ ਆਪਣੇ ਸੁਨੇਹੇ 'ਚ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਨੂੰ ਛੱਡ ਕੇ ਖੇਡਾਂ ਨਾਲ ਜੁੜਨ ਲਈ ਪ੍ਰੇਰਿਆ।

ਸਾਬਕਾ ਵਿਧਾਇਕ ਚੌਧਰੀ ਮੋਹਨ ਸਿੰਘ ਨੇ ਪੰਜਾਬ ਸਰਕਾਰ ਵਲੋਂ ਤਿੰਨ ਲੱਖ ਰੁਪਏ ਅਤੇ ਕਾਂਗਰਸ ਆਗੂ ਮਲਕੀਅਤ ਸਿੰਘ ਬਾਹੜੋਵਾਲ ਨੇ ਕੇਂਦਰ ਸਰਕਾਰ ਵਲੋਂ ਪੰਜ ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਜ਼ਿਕਰਯੋਗ ਹੈ ਕਿ ਇਸ ਪਿੰਡ ਜਗਤਪੁਰ ਵਿਚ ਸਥਾਪਿਤ ਮਾਈ ਭਾਗੋ ਅਕੈਡਮੀ ਦੀਆਂ 8 ਮੁਟਿਆਰਾਂ ਵਿਸ਼ਵ ਕਬੱਡੀ ਕੱਪ ਦੀ ਦੋ ਵਾਰ ਜੇਤੂ ਕਬੱਡੀ ਟੀਮ ਵਿਚ ਸ਼ਾਮਲ ਸਨ। ਉਨ੍ਹਾਂ ਨੂੰ ਕੋਚ ਕੁਲਵਿੰਦਰ ਸਿੰਘ, ਮੈਨੇਜਰ ਮੈਡਮ ਜਸਕਰਨ ਕੌਰ ਲਾਡੀ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਟੂਰਨਾਮੈਂਟ ਨੂੰ ਸਫਲ ਬਨਾਉਣ ਲਈ ਐਨ. ਆਰ .ਆਈਜ਼, ਗ੍ਰਾਂਮ ਪੰਚਾਇਤਾਂ ਅਤੇ ਖੇਡ ਕਲੱਬਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

-ਰੇਸ਼ਮ ਕਰਨਾਣਵੀ (9815880104)


Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

Phone: 510-538-1138



INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

304 E HAMMER LANE # 12, STOCKTON CA, 95210



Apna Bazar ਆਪਣਾ ਬਾਜ਼ਾਰ

Indian Grocery Outlet (wholesale and retail)

ਸਾਡੇ ਕੋਲ ਕੁਕਰ, ਕੜਾਹੀਆਂ, ਚੁੱਲ੍ਹੇ, ਮੰਜੇ, ਕੰਬਲ, ਅਚਾਰ, ਸੀ ਡੀ/ਡੀ ਵੀ ਡੀ ਵੀ ਮਿਲਦੀਆਂ ਹਨ।





| Dal | Per Pound | Dal | Per Pound |
|---|---|---|---|
| Masoor Dal ਮਸੂਰ ਦਾਲ | 75 cents ਪਰ ਪੌਂਡ | Bhawan Biskuts | $10.99 per box (ਸੱਤ ਪੌਂਡ) |
| Kala Channa Whole ਕਾਲੇ ਛੋਲੇ | 75 cents ਪਰ ਪੌਂਡ | Adrak (Ginger) ਅਦਰਕ | 65 cents ਪਰ ਪੌਂਡ |
| Channa Dal ਛੋਲਿਆਂ ਦੀ ਦਾਲ | 75 cents ਪਰ ਪੌਂਡ | Lasan (Garlic) ਲਸਣ | 99 cents ਪਰ ਪੌਂਡ |
| Dal Moong/Moth ਮੂੰਗੀ ਦੀ ਦਾਲ | 1.25 cents ਪਰ ਪੌਂਡ | Sher Aatta | $6.99 20 LB Bhavan Aatta – on sale |
| Rajmahan ਰਾਜ ਮਾਂਹ | 79 cents ਪਰ ਪੌਂਡ | Santosh Aatta | $7.49 20LB |
| Maah Dal ਮਾਹਾ ਦੀ ਦਾਲ | 75 cents ਪਰ ਪੌਂਡ | Tea India | $5.75/bag Milk 2 gallons $5.99 |
| Toor Da | $1.25 ਪਰ ਪੌਂਡ | Sweets $4.49 | Punjabi Biscuits– on sale |
| Paneer ਪਨੀਰ | $2.75 ਪਰ ਪੌਂਡ | Red onions | $5.99 25LB |
| | | | Shan Masalas 95 cents/each |

Copy/Fax/Phone card service also available

Ph: 530-751-2442, Cell: 530-315-2442

1494 Bridge Street, Yuba City CA 95991, Near Bridge St Taco Bell

# ਡਾ ਅੰਬੇਦਕਰ ਜੀ ਨੂੰ ਸਮੁੱਚੇ ਰਾਸ਼ਟਰ ਨੇ ਭੇਟ ਕੀਤੀ ਸ਼ਰਧਾਂਜਲੀ

ਨਵੀਂ ਦਿੱਲੀ- ਡਾ: ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੀ 122ਵੀਂ ਜਨਮ ਵਰੇਗੰਢ 'ਤੇ ਰਾਸ਼ਟਰ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਬੰਧੀ ਪੂਰੇ ਦੇਸ਼ 'ਚ ਵੱਖ-ਵੱਖ ਥਾਵਾਂ 'ਤੇ ਸਮਾਗਮ ਕਰਵਾਏ ਗਏ। ਡਾ: ਅੰਬੇਡਕਰ, ਜਿਨ੍ਹਾਂ ਨੂੰ ਅਸੀਂ ਬਾਬਾ ਸਾਹਿਬ ਦੇ ਨਾਂਅ ਨਾਲ ਵੀ ਜਾਣਦੇ ਹਾਂ, ਇਕ ਸਿਆਸੀ ਆਗੂ, ਫਿਲਾਸਫ਼ਰ, ਮਾਨਵ ਵਿ-ਗਆਨੀ, ਇਤਿਹਾਸਕਾਰ, ਅਰਥ ਸ਼ਾਸਤਰੀ ਅਤੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਵੀ ਸਨ। ਇਸ ਸਬੰਧੀ ਕਰਵਾਏ ਗਏ ਸ਼ਰਧਾਂਜਲੀ ਸਮਾਗਮ 'ਚ ਰਾਸ਼ਟਰਪਤੀ ਪ੍ਰਣਾਬ ਮੁਖਰਜੀ, ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਸੋਨੀਆ ਗਾਂਧੀ, ਸੁਸ਼ੀਲ ਕੁਮਾਰ ਸ਼ਿੰਦੇ, ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ ਅਤੇ ਹੋਰ ਆਗੂਆਂ ਨੇ ਵੀ ਡਾ: ਅੰਬੇਡਕਰ ਨੂੰ ਸ਼ਰਧਾਂਜਲੀ ਭੇਟ ਕੀਤੀ।




### ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਦਿਵਸ ਮਨਾਇਆ

ਨੰਗਲ- ਨੈਸ਼ਨਲ ਫਰਟੀਲਾਈਜ਼ਰਜ ਲਿਮਿਟਿਡ ਨਵਾਂ ਨੰਗਲ (ਐਨ.ਐਫ. ਐਲ.) ਵੱਲੋਂ ਅੱਜ ਇਥੇ ਆਨੰਦ ਭਵਨ ਕਲੱਬ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਐਨ.ਐਫ.ਐਲ. ਯੂਨਿਟ ਦੇ ਮਹਾਂ ਪ੍ਰਬੰਧਕ ਕੁਲਦੀਪ ਸਿੰਘ ਅਤੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਡਾ. ਭੀਮ ਰਾਓ ਅੰਬੇਦਕਰ ਦੇ ਚਿੱਤਰ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਦਿੱਤੀ। ਇਸ ਦੌਰਾਨ ਬਾਬਾ ਸਾਹਿਬ ਦੀ ਵਿਚਾਰਧਾਰਾ 'ਤੇ ਪੇਂਟਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ-ਵੱਖ ਸਕੂਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਕੁਲਦੀਪ ਸਿੰਘ ਨੇ ਹਾਜ਼ਰ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨੂੰ ਬਾਬਾ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਜਨਰਲ ਮੈਨੇਜਰ ਕੇ.ਕੇ. ਚਤੁਰਵੇਦੀ, ਕੁਲਦੀਪ ਚੰਦ, ਮੁਲਾਜ਼ਮ ਯੂਨੀਅਨ ਆਗੂ ਕੁਲਦੀਪ ਸਿੰਘ, ਐਸ, ਸੀ.ਐਸ. ਟੀ. ਐਸ਼ੋ ਆਗੂ ਐਸ.ਕੇ ਬੰਗਾ ਤੇ ਹੋਰ ਅਧਿਕਾਰੀ ਮੌਜੂਦ ਸਨ।

ਕੁੱਪ ਕਲਾਂ- ਡਾ. ਭੀਮ ਰਾਓ ਅੰਬੇਦਕਰ ਕਮੇਟੀ ਅਤੇ ਨਗਰ ਪੰਚਾਇਤ ਸੋਹੀਆਂ ਵੱਲੋਂ ਡਾ. ਬੀ.ਆਰ. ਅੰਬੇਦਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਸਥਾਨਕ ਪ੍ਰਾਇਮਰੀ ਸਕੂਲ ਦੇ ਹੋਣਹਾਰ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਵਿਧਾਨ ਨਿਰਮਾਤਾ ਡਾ. ਅੰਬੇਦਕਰ ਦੀ ਉਦਾਹਰਣ ਦਿੰਦਿਆਂ ਸਮਾਜ ਸੇਵੀ ਵਿਨੋਦ ਕੁਮਾਰ ਸੋਹੀਆਂ ਨੇ ਕਿਹਾ ਕਿ ਸੱਚੀ ਲਗਨ ਅਤੇ ਮਿਹਨਤ ਨਾਲ ਦੁਨੀਆਂ ਦਾ ਅਜਿਹਾ ਕੋਈ ਟੀਚਾ ਨਹੀਂ ਜੋ ਸਰ ਨਾ ਕੀਤਾ ਜਾ ਸਕੇ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਅਮਰਜੀਤ ਸਿੰਘ ਫੌਜੀ, ਅਜਮੇਰ ਸਿੰਘ, ਗੁਰਜੰਟ ਸਿੰਘ ਪੰਚ, ਕੁਲਵੀਰ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ ਸੂਬੇਦਾਰ, ਪੰਚ ਗੁਰਬਚਨ ਸਿੰਘ, ਸੁਖਦੇਵ ਸਿੰਘ, ਹੰਸ ਰਾਜ, ਬਲਦੇਵ ਸਿੰਘ ਕਾਕਾ, ਪੰਚ ਮੰਗਤ ਰਾਏ, ਬਿੰਦਰ ਸਿੰਘ, ਰਾਜਵਿੰਦਰ ਸਿੰਘ ਹਾਜ਼ਰ ਸਨ।

ਧੂਰੀ- ਡਾ. ਬੀ.ਆਰ. ਅੰਬੇਦਕਰ ਨੂੰ ਸਮਰਪਿਤ ਸਮਾਗਮ ਸ਼ਹਿਰ ਦੇ ਵਾਰਡ ਨੰਬਰ 1 ਵਿਖੇ ਮਨਾਇਆ ਗਿਆ ਜਿਸ ਵਿੱਚ ਸਾਬਕਾ ਮੰਤਰੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੋਂ ਇਲਾਵਾ ਲੋਕ ਜਨ ਸ਼ਕਤੀ ਪਾਰਟੀ ਦੇ ਵਰਕਰਾਂ, ਮਜ਼ਦੂਰਾਂ ਤੇ ਮਿਸਤਰੀਆਂ ਨੇ ਸ਼ਿਰਕਤ ਕੀਤੀ।

ਇਸ ਮੌਕੇ ਭਾਈ ਲੌਂਗੋਵਾਲ ਨੇ ਕਿਹਾ ਕਿ 14 ਅਪਰੈਲ 1891 ਨੂੰ ਪਿਤਾ ਰਾਮ ਜੀ ਰਾਓ ਦੇ ਘਰ ਜਨਮੇ ਡਾ. ਬੀ.ਆਰ. ਅੰਬੇਦਕਰ ਨੇ ਖੁਦ ਜਾਤੀ ਵਿਤਕਰੇ ਦਾ ਸੰਤਾਪ ਹੰਢਾਇਆ ਅਤੇ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ 'ਚ ਅਹਿਮ ਯੋਗਦਾਨ ਪਾਉਂਦਿਆਂ ਉਨ੍ਹਾਂ ਦੇ ਨਾਇਕ ਬਣ ਕੇ ਉਭਰੇ। ਇਸ ਮੌਕੇ ਹਰਦੀਪ ਸਿੰਘ, ਦਿਨੇਸ਼, ਸਾਬਕਾ ਐਮ.ਸੀ. ਵੀਰਭਾਨ ਨੇ ਭਾਈ ਲੌਂਗੋਵਾਲ ਨੂੰ ਸਨਮਾਨਤ ਕੀਤਾ।

ਭਵਾਨੀਗੜ੍ਹ- ਗੁਰੂ ਰਵਿਦਾਸ ਸਪੋਰਟਸ ਐਂਡ ਵੈਲਫੇਅਰ ਕਲੱਬ ਅਤੇ ਡਾ. ਬੀ. ਆਰ. ਅੰਬੇਦਕਰ ਯੂਥ ਕਲੱਬ. ਵੱਲੋਂ ਇੱਥੇ ਡਾ. ਬੀ ਆਰ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਸਮਾਰੋਹ ਕਰਵਾਇਆ ਗਿਆ।

ਸਮਾਗਮ ਦੇ ਮੁੱਖ ਮਹਿਮਾਨ ਮੁੱਖ ਸੰਸਦੀ ਸਕੱਤਰ ਪ੍ਰਕਾਸ਼ ਚੰਦ ਗਰਗ ਨੇ ਡਾ. ਅੰਬੇਦਕਰ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦੇ ਹੋਏ ਇੱਥੇ ਡਾ. ਅੰਬੇਦਕਰ ਦੀ ਯਾਦ ਵਿਚ ਪਾਰਕ ਬਣਾਉਣ ਦਾ ਐਲਾਨ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਨਿਰਮਲ ਸਿੰਘ ਭੜੋ, ਮਾਰਕੀਟ ਕਮੇਟੀ ਦੇ ਚੇਅਰਮੈਨ ਰੁਪਿੰਦਰ ਸਿੰਘ ਰੰਧਾਵਾ, ਨਗਰ ਕੌਂਸਲ ਦੇ ਪ੍ਰਧਾਨ ਭਾਗ ਸਿੰਘ, ਬਸਪਾ ਆਗੂ ਹਰਮੇਲ ਸਿੰਘ ਕਪਿਆਲ ਅਤੇ ਪੰਥਕ ਆਗੂ ਪ੍ਰਸ਼ੋਤਮ ਸਿੰਘ ਫੱਗੂਵਾਲਾ ਨੇ ਕਿਹਾ ਕਿ ਡਾ. ਅੰਬੇਦਕਰ ਨੇ ਆਜ਼ਾਦ ਭਾਰਤ ਦਾ ਸੰਵਿਧਾਨ ਲਿਖ ਕੇ ਦੱਬੇ ਕੁਚਲੇ ਸਮਾਜ ਲਈ ਇਕ ਕ੍ਰਾਂਤੀਕਾਰੀ ਕਾਰਜ ਕੀਤਾ।

ਇਸ ਮੌਕੇ ਪ੍ਰੋ: ਨਵਦੀਪ ਸਿੰਘ, ਪ੍ਰੋ. ਨਵਜੀਤ ਸਿੰਘ, ਮੁਲਾਜ਼ਮ ਆਗੂ, ਮਾਲਵਿੰਦਰ ਸਿੰਘ, ਰਾਮ ਸਿੰਘ ਮੱਟਰਾਂ, ਚੰਦ ਸਿੰਘ ਰਾਮਪੁਰਾ, ਕਲੱਬ ਦੇ ਪ੍ਰਧਾਨ ਅਮਰੀਕ ਸਿੰਘ, ਮੀਤ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ ਨੇ ਵੀ ਵਿਚਾਰ ਸਾਂਝੇ ਕੀਤੇ। ਗੋਲਡੀ ਬਾਵਾ, ਗੋਪਾਲ ਪਤੰਗਾ ਅਤੇ ਰਾਮ ਸਰੂਪ ਸਿੰਘ ਨੇ ਗੀਤ ਪੇਸ਼ ਕੀਤੇ।

ਮੁੱਲਾਂਪੁਰ ਦਾਖਾ- ਇੱਥੋਂ ਨੇੜਲੇ ਪਿੰਡ ਭਨੋਹੜ ਵਿੱਚ ਭਾਰਤ ਰਤਨ ਡਾ. ਬੀ ਆਰ ਅੰਬੇਦਕਰ ਦਾ 122ਵਾਂ ਜਨਮ ਦਿਹਾੜਾ ਸਮਾਜ ਸੇਵੀ ਚਰਨਜੀਤ ਸਿੰਘ ਬੈਂਕ ਮੈਨੇਜਰ ਦੀ ਅਗਵਾਈ ਵਿੱਚ ਮਨਾਇਆ ਗਿਆ ਜਿਸ ਦੌਰਾਨ ਪਿੰਡ ਵਾਸੀਆਂ ਨੇ ਵਧ ਚੜ੍ਹ ਕੇ ਸ਼ਮੂਲੀਅਤ ਕੀਤੀ। ਇਸ ਮੌਕੇ ਕੈਪਟਨ ਗੁਰਦੇਵ ਸਿੰਘ, ਰਾਮ ਸਿੰਘ, ਦਲਬਾਰਾ ਸਿੰਘ ਪੰਚ, ਸਿੰਦਰ ਸਿੰਘ, ਬੰਤ ਸਿੰਘ, ਬਾਬੂ ਸਿੰਘ, ਗੁਰਮੇਲ ਸਿੰਘ, ਕੁਲਦੀਪ ਸਿੰਘ, ਮੇਜਰ ਸਿੰਘ, ਹਰਮਿੰਦਰ ਸਿੰਘ, ਦਵਿੰਦਰ ਸਿੰਘ, ਵਰਿੰਦਰਪਾਲ ਸਿੰਘ, ਨਵਦੀਪ ਸਿੰਘ, ਜਗਜੀਤ ਸਿੰਘ ਲਵਲੀ ਹਾਜ਼ਰ ਸਨ।

ਸਥਾਨਕ ਭਾਜਪਾ ਵਰਕਰਾਂ ਨੇ ਮੰਡਲ ਪ੍ਰਧਾਨ ਡਾ. ਬਿਸੰਬਰ ਨਾਥ ਬਦੋਵਾਲ ਦੀ ਅਗਵਾਈ ਵਿੱਚ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ 123 ਵਾਂ ਜਨਮ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ। ਇਸ ਮੌਕੇ ਬਿਸੰਬਰ ਨਾਥ ਨੇ ਵਰਕਰਾਂ ਨੂੰ ਡਾ. ਭੀਮ ਰਾਓ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਅਮਲੋਹ- ਭਗਵਾਨ ਵਾਲਮੀਕ ਮੰਦਰ ਕਮੇਟੀ ਅਮਲੋਹ ਵੱਲੋਂ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਸਮਾਗਮ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸਾਬਕਾ ਕੌਂਸਲਰ ਤੇ ਵਾਲਮੀਕ ਮੰਦਿਰ ਕਮੇਟੀ ਅਮਲੋਹ ਦੇ ਸਰਪ੍ਰਸਤ ਬੁੱਧ ਰਾਜ ਬੈਂਸ ਨੇ ਕੀਤੀ।

ਇਸ ਮੌਕੇ ਉਨ੍ਹਾਂ ਕਿਹਾ ਕਿ ਡਾ.ਭੀਮ ਰਾਓ ਅੰਬੇਦਕਰ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਦੱਬੇ ਕੁਚਲੇ ਲੋਕਾਂ ਦੇ ਮਸੀਹਾ ਸਨ। ਇਸ ਮੌਕੇ 'ਤੇ ਮਾਸਟਰ ਮਦਨ ਲਾਲ ਬੈਂਸ ਨੇ ਵੀ ਡਾ. ਭੀਮ ਰਾਓ ਅੰਬੇਦਕਰ ਦੇ ਜੀਵਨ ਬਾਰੇ ਚਾਨਣਾ ਪਾਇਆ।

ਨਾਰਾਇਣਗੜ੍ਹ- ਡਾਕਟਰ ਭੀਮ ਰਾਓ ਅੰਬੇਦਕਰ ਦੀ 122ਵੀਂ ਜਯੰਤੀ ਮੌਕੇ ਇੱਥੋਂ ਦੀ ਗੁਰੂ ਰਵਿਦਾਸ ਫੋਰਸ ਹਰਿਆਣਾ ਦੇ ਸੂਬਾਈ ਪ੍ਰਧਾਨ ਸੁਦੇਸ਼ ਦਾਸ ਅੰਟਵਾਲ ਦੀ ਅਗਵਾਈ ਹੇਠ ਇੱਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਅੰਟਵਾਲ ਨੇ ਬਾਬਾ ਸਾਹਿਬ ਦੇ ਜੀਵਨ ਤੇ ਚਾਨਣਾ ਪਾਇਆ।

ਉਨ੍ਹਾਂ ਨੇ ਲੋਕਾਂ ਨੂੰ ਬਾਬਾ ਸਾਹਿਬ ਦੁਆਰਾ ਦਿਖਾਏ ਗਏ ਰਸਤੇ 'ਤੇ ਚਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਰੋਕੀ ਲਾਲ, ਵਿਨੋਦ ਕੁਮਾਰ, ਰਾਕੇਸ਼ ਕੁਮਾਰ, ਕੇਹਰ ਸਿੰਘ, ਰਾਜਬੀਰ, ਡਾਕਟਰ ਭੀਸ਼ਮ, ਸਤਪਾਲ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

## ਲੋਕ ਜਨ ਸ਼ਕਤੀ ਪਾਰਟੀ ਵੱਲੋਂ ਡਾ.ਅੰਬੇਦਕਰ ਨੂੰ ਸਮਰਪਿਤ ਸਮਾਗਮ

ਧੂਰੀ- ਲੋਕ ਜਨ ਸ਼ਕਤੀ ਪਾਰਟੀ ਅਤੇ ਦਲਿਤ ਸੈਨਾ ਵੱਲੋਂ ਡਾ. ਅੰਬੇਦਕਰ ਨੂੰ ਸਮਰਪਿਤ ਸਮਾਗਮ ਧੂਰੀ ਅੰਦਰ ਅੰਬੇਦਕਰ ਚੌਕ ਉਪਰ ਕਰਵਾਇਆ ਗਿਆ। ਸਮਾਗਮ ਦੌਰਾਨ ਲੋਕ ਜਨ ਸ਼ਕਤੀ ਪਾਰਟੀ ਦੇ ਸੂਬਾਈ ਪ੍ਰਧਾਨ ਅਮਰ ਸਿੰਘ ਧੂਰੀ ਨੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਸਮਾਜ ਨੂੰ ਬਾਬਾ ਸਾਹਿਬ ਨੇ ਵੱਖਰੀ ਸੇਧ ਦਿੱਤੀ ਹੈ। ਸਮਾਗਮ ਦੌਰਾਨ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਮੇਲ ਸਿੰਘ ਰਾਜੋਮਾਜਰਾ, ਰਾਮ ਸਿੰਘ ਬਰਨਾਲਾ ਨੇ ਸੰਬੋਧਨ ਕੀਤਾ।



ਇਸੇ ਕੜੀ ਤਹਿਤ ਡਾ. ਭੀਮ ਰਾਓ ਅੰਬੇਦਕਰ ਵੈਲਫੇਅਰ ਸੁਸਾਇਟੀ (ਰਜਿ.) ਧੂਰੀ ਵੱਲੋਂ ਸਨਾਤਨ ਧਰਮ ਚੈਰੀਟੇਬਲ ਟਰੱਸਟ ਅੰਦਰ ਸਮਾਗਮ ਕਰਵਾਇਆ ਗਿਆ ਜਿਸ ਦਾ ਉਦਘਾਟਨ ਡੀ.ਪੀ.ਆਰ.ਓ. ਸੰਗਰੂਰ ਪ੍ਰਭਦੀਪ ਸਿੰਘ ਨੱਥੋਵਾਲ ਨੇ ਕੀਤਾ। ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਬਾਬਾ ਸਾਹਿਬ ਦੇ ਜੀਵਨ ਉਪਰ ਰੌਸ਼ਨੀ ਪਾਈ। ਇਸ ਮੌਕੇ ਡੀ.ਡੀ. ਕਲਿਆਣੀ (ਰਾਸ਼ਟਰ ਉਪ ਪ੍ਰਧਾਨ ਬਾਮਸੇਫ) ਤਹਿਸੀਲਦਾਰ ਮਨਜੀਤ ਸਿੰਘ, ਐਡਵੋਕੇਟ ਹਰਪਾਲ ਸਿੰਘ, ਸੁਸਾਇਟੀ ਦੇ ਪ੍ਰਧਾਨ ਸੁਖਦੇਵ ਸਿੰਘ, ਗੁਰਮੀਤ ਸਿੰਘ ਕੱਲਰਮਾਜਰੀ, ਗੁਰਨਾਮ ਅਕੀਦਾ ਨੇ ਹਾਜ਼ਰੀ ਲਗਵਾਈ।

# ਗੱਲਾਂ ਨਾਲ ਬੇਗਮਪੁਰਾ ਵਸਾਇਆ ਨਹੀਂ ਜਾਣਾ ਅਤੇ 'ਤਖ਼ਤ ਦਿੱਲੀ ਦਾ ਅਵਾਜ਼ਾਂ ਮਾਰਦਾ

## ਮਿਸ਼ਨਰੀ ਗਾਇਕ ਪੰਮਾ ਲਧਾਣਾ ਦਾ ਵਿਸ਼ੇਸ਼ ਸਨਮਾਨ

ਰੋਮ (ਕੈਂਥ)- ਪੰਜਾਬੀ ਭਾਈਚਾਰੇ ਦੀ ਮਿੰਨੀ ਪੰਜਾਬ ਸਟੇਟ ਲਾਸੀਓ ਦੇ ਜ਼ਿਲ੍ਹਾ ਲਾਤੀਨਾ ਦੇ ਸ਼ਹਿਰ ਸਬਾਊਦੀਆ ਵਿਖੇ ਸਥਿਤ ਸ਼੍ਰੀ ਗੁਰੂ ਰਵਿਦਾਸ ਟੈਂਪਲ ਬੋਰਗੋਲੀਵੀ ਦੀ ਗੁ: ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਮਹਾਨ ਕ੍ਰਾਂਤੀਕਾਰੀ, ਅਧਿਆਤਮਕਵਾਦੀ, ਯੁੱਗ ਪੁਰਸ਼, ਯੁੱਗ ਪਲਟਾਊ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 636ਵਾਂ ਪ੍ਰਕਾਸ਼ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਹੁਤ ਹੀ ਸ਼ਰਧਾ ਅਤੇ ਉਤਸ਼ਾਹਪੂਰਵਕ ਮਨਾਇਆ ਗਿਆ, ਜਿਸ ਵਿਚ ਭਾਰੀ ਗਿਣਤੀ ਵਿਚ ਇਟਲੀ ਭਰ ਦੀਆਂ ਸੰਗਤਾਂ ਨੇ ਸ਼ਿਰਕਤ ਕੀਤੀ।



ਇਸ ਮੌਕੇ ਸਤਿਗੁਰਾਂ ਦੀ ਆਰੰਭੀ ਬਾਣੀ ਦੇ ਭੋਗ ਉਪਰੰਤ ਵਿਸ਼ਾਲ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਦੀ ਸ਼ੁਰੂਆਤ ਗੁਰੂ ਘਰ ਦੇ ਕੀਰਤਨੀਏ ਭਾਈ ਪੂਰਨ ਸਿੰਘ ਆਲੋਵਾਲ (ਮੁੱਖ ਗ੍ਰੰਥੀ ਗੁਰੂ ਘਰ), ਭਾਈ ਜੀਤਾ ਸਲੇਮਪੁਰੀ, ਪੰਮਾ ਰਾਹੋਂ, ਸੌਦਾਗਰ ਕਲਸੀ, ਸਰਵਣ ਚੰਦ ਸ਼ੇਰਪੁਰਪੱਕਾ, ਬੀਬਾ ਮੌਸਮੀ ਸੁਮਨ ਅਤੇ ਬੀਬਾ ਬੰਧਨਾ ਸੁਮਨ ਨੇ ਆਪਣੀ ਇਨਕਲਾਬੀ ਅਤੇ ਮਿਸ਼ਨਰੀ ਗੀਤਾਂ ਨਾਲ ਕੀਤੀ। ਇਸ ਉਪਰੰਤ ਇਟਲੀ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾ ਰਹੇ ਮਿਸ਼ਨਰੀ ਗਾਇਕ ਪੰਮਾ ਲਧਾਣਾ ਨੇ ਆਪਣੇ ਅਨੇਕਾਂ ਹੀ ਮਿਸ਼ਨਰੀ ਗੀਤਾਂ ਅਤੇ 'ਗੱਲਾਂ ਦੇ ਨਾਲ ਬੇਗਮਪੁਰਾ ਵਸਾਇਆ ਨਹੀਂ ਜਾਣਾ' ਅਤੇ 'ਤਖ਼ਤ ਦਿੱਲੀ ਦਾ ਅਵਾਜ਼ਾਂ ਮਾਰਦਾ' ਆਦਿ ਦੁਆਰਾ ਸੰਗਤਾਂ 'ਚ ਨਵਾਂ ਜੋਸ਼ ਅਤੇ ਨਵੀਂ ਚੇਤਨਾ ਭਰੀ, ਜਿਸ ਨੂੰ ਗੁ: ਪ੍ਰਬੰਧਕ ਕਮੇਟੀ ਵੱਲੋਂ ਸਨਮਾਨਤ ਵੀ ਕੀਤਾ ਗਿਆ। ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਪਰਮਜੀਤ ਰਾਏ ਚੇਅਰਮੈਨ, ਗੁਰਨਾਮ ਸੁਮਨ ਪ੍ਰਧਾਨ, ਡਾ: ਟੇਕ ਚੰਦ ਸੀਣਾ, ਤੀਰਥ ਚੁੰਬਰ ਵਿੱਤ ਸਕੱਤਰ ਗੁ: ਪ੍ਰਬੰਧਕ ਕਮੇਟੀ ਸ਼੍ਰੀ ਗੁਰੂ ਰਵਿਦਾਸ ਟੈਂਪਲ ਨੇ ਕਿਹਾ ਕਿ ਜਿੱਥੇ ਸਤਿਗੁਰੂ ਰਵਿਦਾਸ ਮਹਾਰਾਜ ਨੇ ਸਾਰੀ ਜ਼ਿੰਦਗੀ ਗੈਰ-ਬਰਾਬਰੀ ਅਤੇ ਮਨੂੰਵਾਦੀ ਨੀਤੀਆਂ ਦੇ ਖਿਲਾਫ਼ ਸੰਘਰਸ਼ ਕੀਤਾ, ਉੱਥੇ ਹੀ ਇਨਸਾਨ ਨੂੰ ਆਪਣੀ ਬਾਣੀ ਦੁਆਰਾ ਪ੍ਰਮਾਤਮਾ ਦੀ ਉਸਤਤ ਕਰਨ ਲਈ ਵੀ ਉਪਦੇਸ਼ ਦਿੱਤਾ ਹੈ। ਸਮੂਹ ਸੰਗਤਾਂ ਨੂੰ ਸਤਿਗੁਰਾਂ ਦੇ ਜੀਵਨ ਤੋਂ ਸੇਧ ਲੈ ਕੇ ਆਪਣਾ ਲੋਕ ਸੁਖੀ ਅਤੇ ਪ੍ਰਲੋਕ ਸੁਹੇਲਾ ਕਰਨਾ ਚਾਹੀਦਾ ਹੈ। ਇਸ ਪ੍ਰਕਾਸ਼ ਦਿਵਸ ਸਮਾਗਮ ਵਿਚ ਸ਼੍ਰੀ ਗੁਰੂ ਰਵਿਦਾਸ ਸੁਪਰੀਮ ਕੌਂਸਲ ਇਟਲੀ ਦੇ ਪ੍ਰਧਾਨ ਨਰਮੋਹਨ ਲਾਖਾ, ਭਾਰਤੀ ਸਮਾਜ ਸਭਾ ਇਟਲੀ ਦੇ ਪ੍ਰਧਾਨ ਦਲਬੀਰ ਭੱਟੀ, ਸ਼੍ਰੀ ਗੁਰੂ ਰਵਿਦਾਸ ਦਰਬਾਰ ਵਿਲੈਤੀ ਦੇ ਪ੍ਰਧਾਨ ਹਰਬੰਸ ਸਿੰਘ, ਸ਼੍ਰੀ ਗੁਰੂ ਰਵਿਦਾਸ ਦਰਬਾਰ ਤੇਰਨੀ-ਨਾਰਨੀ ਦੇ ਪ੍ਰਧਾਨ ਰਾਜ ਕੁਮਾਰ, ਸ਼੍ਰੀ ਗੁਰੂ ਰਵਿਦਾਸ ਧਾਰਮਿਕ ਅਸਥਾਨ ਰੋਮ ਦੇ ਬਲਬੀਰ ਮਹਿਮੀ ਤੋਂ ਇਲਾਵਾ ਸਮਾਜ ਸੇਵਕ ਇੰਦਰਜੀਤ ਝਿੱਕਾ, ਹਰਿੰਦਰ ਸਿੰਘ ਬਿੱਟੂ, ਚਮਨ ਲਾਲ ਭੱਟੀ, ਪਰਗਣ ਕੁਮਾਰ ਸਹੂੰਗੜਾ, ਗੁਰਦੇਵ ਚੰਦ, ਡਾ: ਦਿਲਬਾਗ ਮਾਹੀ, ਹੈਪੀ ਹਰਮਾਦਾ, ਹੰਸ ਰਾਜ ਭੁਲਾਰਾਈ ਕਮਲ ਖਾਟੀ, ਰਾਮ ਆਸਰਾ ਲਾਲੀ, ਸਤਪਾਲ, ਪਰਮਿੰਦਰ ਸਿੰਘ ਰੱਤੂ, ਜਤਿੰਦਰ ਸਿੰਘ ਬਾਜਵਾ, ਪਰਮਜੀਤ ਕਰੀਹਾ (ਸਾਬਕਾ ਪੰਚ) ਆਦਿ ਸ਼ਖਸੀਅਤਾਂ ਮੌਜੂਦ ਸਨ।

# ਸਾਹਿਤਕਾਰ ਤਾਰਾ ਸਿੰਘ ਸਾਗਰ ਨੂੰ ਸਦਮਾ

## 'ਭਰਾ ਮਰਨ ਤਾਂ ਜਾਂਦੀਆਂ ਭੱਜ ਬਾਹਵਾਂ, ਭਾਈਆਂ ਨਾਲ ਹੀ ਮਜਲਿਸਾਂ ਸੋਂਹਦੀਆਂ ਨੇ'

ਬਹੁਤ ਦੁੱਖ਼ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ਼ਾਇਰ ਅਤੇ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਸਾਗਰ ਦੇ ਵੱਡੇ ਭਰਾ ਜੁਗਿੰਦਰ ਸਿੰਘ ਬੰਗੜ ਸਾਢੇ 66 ਸਾਲ ਦੀ ਉਮਰ ਭੋਗ ਕੇ ਦਿਨ ਵੀਰਵਾਰ ਮਿਤੀ 18 ਅਪ੍ਰੈਲ, 2013 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਗਏ ਹਨ। ਉਹ ਆਰਮੀ ਵਿਚੋਂ ਸੇਵਾ ਮੁਕਤ ਹੋ ਕੇ 27 -28 ਸਾਲ ਤੋਂ ਆਪਣੇ ਪਰਿਵਾਰ ਨਾਲ ਅਮਰੀਕਾ ਵਿਚ ਰਹਿ ਰਹੇ ਸਨ। ਉਹ ਪਿਛਲੇ ਦੋ ਕੁ ਮਹੀਨਿਆਂ ਤੋਂ ਜ਼ੇਰੇ ਇਲਾਜ ਸਨ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਸ੍ਰੀ ਮਤੀ ਗੁਰਮੀਤ ਕੌਰ ਬੰਗੜ, ਭੈਣ ਬਿਮਲਾ ਚੌਹਾਨ, ਤਿੰਨ ਬੇਟੇ ਜਸਵਿੰਦਰ ਸਿੰਘ ਬੰਗੜ, ਦਲਜੀਤ ਸਿੰਘ ਬੰਗੜ ਅਤੇ ਇੰਦਰਜੀਤ ਬੰਗੜ ਦਾ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ , ਤਿੰਨ ਪੋਤੇ ਅਤੇ ਦੋ ਪੋਤੀਆਂ ਦਾ ਹਰਿਆ-ਭਰਿਆ ਪਰਿਵਾਰ ਛੱਡ ਗਏ ਹਨ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਚੈਪਲ ਆਫ਼ ਦਾ ਚਾਈਮਜ਼ 32992 Mission Blvd. Hayward, CA 94545 ਵਿਖੇ 27 ਅਪ੍ਰੈਕ 2013 ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ 1:00-3:00 ਤੱਕ ਹੋਵੇਗਾ , ਇਸ ਪਿੱਛੋਂ ਉਨ੍ਹਾਂ ਦੀ ਵਿਛੜੀ ਰੂਹ ਦੀ ਸ਼ਾਂਤੀ ਲਈ ਅੰਤਿਮ ਅਰਦਾਸ ਗੁਰੂ ਘਰ ਫਰੀਮਾਂਟ ਵਿਖੇ 4:00 ਤੋਂ 6:00 ਤੱਕ ਹੋਵੇਗੀ।



ਵੱਖ-ਵੱਖ ਜਥੇਬੰਦੀਆਂ ਅਤੇ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆਂ ਵਲੋਂ ਦਿਲ ਨਿੱਜਰ, ਗੁਰਬਚਨ ਚੋਪੜਾ, ਗੁਰਬਚਨ ਸਿੰਘ ਭਾ-ਟੀਆ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਗੁਰਜਤਿੰਦਰ ਸਿੰਘ ਰੰਧਾਵਾ, ਮਨਜੀਤ ਕੌਰ ਸੇਖੋਂ, ਤਤਿੰਦਰ ਕੌਰ, ਜਯੋਤੀ ਸਿੰਘ, ਹਰਜਿੰਦਰ ਪੰਧੇਰ, ਮ੍ਰਿਗਇੰਦਰ ਪੰਧੇਰ, ਪ੍ਰੋ. ਹਰਭਜਨ, ਪਰਮਜੀਤ ਕੌਰ ਭਾਨੂੰ, ਜੀਵਨ ਰੱਤੂ, ਇੰਦਰਜੀਤ ਸਿੰਘ ਗਰੇਵਾਲ, ਜਸਵੰਤ ਸਿੰਘ ਸ਼ੀਂਹਮਾਰ, ਸੁਰਿੰਦਰ ਸਿੰਘ ਸੀਰਤ, ਹਰਭਜਨ ਸਿੰਘ ਢਿੱਲੋਂ, ਮੇਜਰ ਭੁਪਿੰਦਰ ਦਲੇਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਰਪ੍ਰੀਤ ਧਾਲੀਵਾਲ, ਪਿਸ਼ੌਰਾ ਸਿੰਘ ਢਿੱਲੋਂ, ਗੁਲਸ਼ਨ ਦਿਆਲ, ਨੀਲਮ ਸੈਣੀ, ਮੱਖਣ ਲੁਹਾਰ , ਕੁਲਵਿੰਦਰ, ਸੁਖਵਿੰਦਰ ਕੰਬੋਜ, ਨਵਨੀਤ ਪਨੂੰ, ਅਮਰਜੀਤ ਪਨੂੰ, ਚਰਨਜੀਤ ਸਿੰਘ ਪਨੂੰ, ਈਸ਼ਰ ਸਿੰਘ ਮੋਮਨ, ਅਜ਼ਾਦ ਜਲੰਧਰੀ, ਐਸ. ਅਸ਼ੋਕ ਭੌਰਾ, ਅਸ਼ੋਕ ਟਾਂਗਰੀ, ਜਗਤਾਰ ਗਿੱਲ, ਇਕਬਾਲ ਸਿੰਘ ਮੰਝਪੁਰ, ਪ੍ਰੋ. ਜਸਪਾਲ ਸਿੰਘ ਸੈਣੀ, ਪ੍ਰੋ. ਸੁਰਜੀਤ ਸਿੰਘ ਨਨੂਆ, ਸੁਰਿੰਦਰ ਸਿੰਘ ਧਨੋਆ, ਕੁਲਦੀਪ ਸਿੰਘ ਧਾਲੀਵਾਲ, ਦਰਸ਼ਨ ਸਿੰਘ ਔਜਲਾ, ਸ਼ਾਨ ਸੇਖੋਂ, ਪ੍ਰੋ. ਬਲਜਿੰਦਰ ਸਿੰਘ, ਲਾਡੀ, ਸੋਨੂੰ ਰਾਣਾ, ਕੈਨੇਡਾ ਤੋਂ ਪਿਆਰਾ ਸਿੰਘ ਕੁੱਦੋਵਾਲ ਅਤੇ ਸੁਰਜੀਤ, ਡਾ. ਅਮਰਜੀਤ ਸਿੰਘ ਸਿਡਨੀ ਤੋ, ਇੰਡੀਆ ਤੋਂ ਅਜਮੇਰ ਸਿੱਧੂ, ਪ੍ਰੋ. ਸੁਹਿੰਦਰਬੀਰ ਸਿੰਘ, ਪ੍ਰਿੰਸੀਪਲ ਦਰਸ਼ਨ ਸਿੰਘ ਨੱਤ ਆਦਿ ਨੇ ਤਾਰਾ ਸਿੰਘ ਸਾਗਰ ਅਤੇ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ:
ਤਾਰਾ ਸਿੰਘ ਸਾਗਰ-510-453-5779
ਰਿਪੋਰਟ: ਨੀਲਮ ਸੈਣੀ

# ਧਰਤ ਦੁਆਬੇ ਦੀ



ਬਲਜਿੰਦਰ ਮਾਨ

ਅਸੀਂ ਆਪਣੇ ਪਾਠਕਾਂ ਦੀ ਰੁਚੀ ਨੂੰ ਮੁੱਖ ਰੱਖਦੇ ਹੋਏ ਇਕ ਲੜੀਵਾਰ ਕਾਲਮ 'ਧਰਤ ਦੁਆਬੇ ਦੀ' ਸ਼ੁਰੂ ਕਰ ਰਹੇ ਹਾਂ। ਇਸ ਕਾਲਮ ਵਿਚ ਦੁਆਬੇ ਦੀ ਸੰਧੂਰੀ ਧਰਤੀ ਦੀਆਂ ਰੰਗਲੀਆਂ ਬਾਤਾਂ ਪਾਈਆਂ ਜਾਣ-ਗੀਆਂ।ਇਥੋਂ ਦੀਆਂ ਸ਼ਾਨਾਮੱਤੀਆਂ ਪ੍ਰਾਪਤੀਆਂ ਦੇ ਨਾਲ ਨਾਲ ਆਈਆਂ ਸਮਾਜਿਕ, ਰਾਜਨੀਤਿਕ ਤੇ ਆਰਥਿਕ ਤਬਦੀਲੀਆਂ ਦੇ ਨਜ਼ਾਰੇ ਵੀ ਪੇਸ਼ ਕੀਤੇ ਜਾਣਗੇ। ਸਾਨੂੰ ਪੂਰੀ ਉਮੀਦ ਹੈ ਕਿ ਸਾਡੇ ਪਾਠਕ ਇਸ ਕਾਲਮ ਦਾ ਭਰਪੂਰ ਅਨੰਦ ਲੈਣਗੇ। ਇਸ ਕਾਲਮ ਨੂੰ ਦੋਆਬੇ ਦੇ ਉੱਘੇ ਬਾਲ ਸਾਹਿਤ ਲੇਖਕ ਅਤੇ ਸੰਪਾਦਕ ਸ਼੍ਰੀ ਬਲਜਿੰਦਰ ਮਾਨ ਲਿਖਿਆ ਕਰਨਗੇ। ਸ਼੍ਰੀ ਮਾਨ ਅੱਜ ਤਕ ਦਸ ਮੌਲਿਕ ਪੁਸਤਕਾਂ, ਪੰਜ ਦਾ ਅਨੁਵਾਦ ਅਤੇ 17 ਪੁਸਤਕਾਂ ਦਾ ਸੰਪਦਨ ਕਰ ਚੁੱਕੇ ਹਨ। ਇਥੇ ਹੀ ਬਸ ਨਹੀਂ ਪੰਜਾਬ ਵਿਚੋਂ ਛਪ ਰਹੇ ਇਕੋ ਇਕ ਨਿਜੀ ਖੇਤਰ ਦੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦਾ 1995 ਤੋਂ ਪ੍ਰਕਾਸ਼ਨ ਤੇ ਸੰਪਾਦਨ ਵੀ ਕਰ ਰਹੇ ਹਨ। ਮਾਹਿਲਪੁਰ ਵਿਚ ਸਾਹਿਤਕ, ਸੱਭਿਆਚਾਰਕ ਸਰਗਰਮੀਆਂ ਨੂੰ ਨਰੋਈਆਂ ਲੀਹਾਂ ਪ੍ਰਦਾਨ ਕਰਨ ਵਾਲਿਆ ਵਿਚ ਸ਼ਾਮਿਲ ਹਨ।ਉਹ ਪਿਛਲੇ 25 ਸਾਲਾਂ ਤੋਂ ਅਖਬਾਰਾਂ ਰਸਾਲਿਆਂ ਵਿਚ ਆਪਣੀ ਰੋਚਿਕ ਸ਼ੈਲੀ ਦੀ ਟਹਿਕ ਤੇ ਮਹਿਕ ਬਖੇਰ ਰਹੇ ਹਨ।ਇਹਨਾਂ ਪ੍ਰਾਪਤੀਆਂ ਸੱਦਕਾ ਅਨੇਕਾਂ ਪੁਰਸਕਾਰ ਜਿੱਤ ਕੇ ਅਜਕਲ ਹਰਿਆਣਾ ਪੰਜਾਬੀ ਸਾਹਿਤ ਅਕੈਡਮੀ ਦੇ ਜੱਜ ਨਿਯੁਕਤ ਹੋ ਚੁੱਕੇ ਹਨ।

– (ਸੰਪਾਦਕ)

# ਬੋਸਟਨ ਮੈਰਾਥਨ ਧਮਾਕੇ- ਅਤੀ ਨਿੰਦਣਯੋਗ ਘਟਨਾ

ਵਿਸ਼ਵ ਭਰ ਵਿੱਚ ਮਸ਼ਹੂਰ ਸਾਲਾਨਾ ਬੋਸਟਨ ਮੈਰਾਥਨ ਦੌੜ ਸਮੇਂ ਹੋਏ ਦੋ ਬੰਬ ਧਮਾਕਿਆਂ ਨਾਲ ਅਮਰੀਕਾ ਦੀਆਂ ਖ਼ੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨਚਿੰਨ੍ਹ ਲੱਗ ਗਿਆ ਹੈ। ਇਨ੍ਹਾਂ ਬੰਬ ਧਮਾਕਿਆਂ ਵਿੱਚ ਤਿੰਨ ਵਿਅਕਤੀ ਮਾਰੇ ਗਏ ਹਨ ਜਦੋਂ ਕਿ ਡੇਢ ਸੌ ਦੇ ਲਗਪਗ ਸਖ਼ਤ ਜ਼ਖ਼ਮੀ ਹੋਏ ਹਨ। ਧਮਾਕਿਆਂ ਨਾਲ ਲੋਕਾਂ ਵਿੱਚ ਦਹਿਸ਼ਤ ਫੈਲਣੀ ਸੁਭਾਵਿਕ ਸੀ ਪਰ ਅਮਰੀਕੀ ਸਰਕਾਰ ਦੇ ਬਚਾਅ ਕਾਰਜਾਂ ਅਤੇ ਨਾਗਰਿਕਾਂ ਦੇ ਬੁਲੰਦ ਹੌਸਲੇ ਦੀ ਦਾਦ ਦੇਣੀ ਬਣਦੀ ਹੈ ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾ ਕੇ ਉਨ੍ਹਾਂ ਦੀ ਜਾਨ ਬਚਾਉਣ ਦੇ ਨਾਲ-ਨਾਲ ਦਹਿਸ਼ਤ ਦੇ ਪ੍ਰਭਾਵ ਨੂੰ ਵੀ ਅਸਰਹੀਣ ਕੀਤਾ। ਭਾਰਤ ਸਮੇਤ ਦੁਨੀਆਂ ਦੇ ਲਗਪਗ ਸਾਰੇ ਮੁਲਕਾਂ ਨੇ ਇਨ੍ਹਾਂ ਬੰਬ ਧਮਾਕਿਆਂ ਦੀ ਨਿਦਿਆ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਕਾਰਵਾਈ ਨੂੰ ਬੁਜ਼ਦਿਲੀ ਵਾਲਾ ਦੱਸਦਿਆਂ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰ ਲੈਣ ਦਾਦਾਅਵਾ ਕੀਤਾ ਹੈ।

ਬੋਸਟਨ ਵਿੱਚ ਹੋਏ ਇਨ੍ਹਾਂ ਬੰਬ ਧਮਾਕਿਆਂ ਨੇ ਇੱਕ ਵਾਰ ਮੁੜ ਅਮਰੀਕਾ ਸਮੇਤ ਪੱਛਮੀ ਅਤੇ ਏਸ਼ਿਆਈ ਮੁਲਕਾਂ ਨੂੰ ਅਤਿਵਾਦ ਦੇ ਪਰਛਾਵੇਂ ਹੇਠ ਲੈ ਆਂਦਾ ਜਾਪਦਾ ਹੈ ਭਾਵੇਂ ਕਿ ਅਜੇ ਤਕ ਇਨ੍ਹਾਂ ਵਿੱਚ ਅਤਿਵਾਦੀ ਹੱਥ ਹੋਣ ਦੇ ਕੋਈ ਸਬੂਤ ਨਹੀਂ ਮਿਲੇ। ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਸ ਨੂੰ ਦਹਿਸ਼ਤੀ ਕਾਰਾ ਕਰਾਰ ਦਿੱਤਾ ਹੈ ਕਿਉਂਕਿ ਨਿਰਦੋਸ਼ ਸਿਵਲੀਅਨਾਂ ਖ਼ਿਲਾਫ਼ ਬੰਬਾਂ ਦੀ ਵਰਤੋਂ ਦਹਿਸ਼ਤਗਰਦ ਹੀ ਕਰ ਸਕਦੇ ਹਨ। ਦੂਜੇ ਪਾਸੇ ਕਿਸੇ ਵੀ ਅਤਿਵਾਦੀ ਜਥੇਬੰਦੀ ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ। ਪਾਕਿਸਤਾਨ ਤਾਲਿਬਾਨ ਨੇ ਵੀ ਇਨ੍ਹਾਂ ਧਮਾਕਿਆਂ ਵਿੱਚ ਕਿਸੇ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਕੁਝ ਮਾਹਿਰਾਂ ਅਨੁਸਾਰ ਧਮਾਕਿਆਂ ਪਿੱਛੇ ਕੌਮਾਂਤਰੀ ਅਤਿਵਾਦੀਆਂ ਦਾ ਹੱਥ ਹੋਣ ਦੀ ਸੰਭਾਵਨਾ ਨਹੀਂ ਜਾਪਦੀ ਕਿਉਂਕਿ ਧਮਾਕਿਆਂ ਲਈ ਵਰਤੇ ਗਏ ਬੰਬਾਂ ਵਿੱਚ ਅਧੂਰੇ ਕਲ-ਪੁਰਜਿਆਂ ਦੀ ਵਰਤੋਂ ਕੀਤੀ ਗਈ ਹੈ। ਸਿਆਸੀ ਚਿੰਤਕਾਂ ਅਨੁਸਾਰ ਇਹ ਧਮਾਕੇ ਭੁਲੱਕੜ ਸਵਦੇਸ਼ੀ ਅਮਰੀਕੀ ਦੇਸ਼ ਭਗਤ ਕਾਰਕੁਨਾਂ ਦੀ ਕਾਰਵਾਈ ਹੋ ਸਕਦੀ ਹੈ ਜਿਹੜੇ ਕੁਝ ਸਮੇਂ ਤੋਂ ਅਖੌਤੀ ਨਸਲੀ ਭਾਵਨਾਵਾਂ ਨੂੰ ਉਭਾਰ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ ਹੀ ਅਮਰੀਕਾ ਵਿੱਚ ਸਿੱਖਾਂ ਅਤੇ ਉਨ੍ਹਾਂ ਧਾਰਮਿਕ ਸਥਾਨਾਂ 'ਤੇ ਹਮਲਿਆਂ ਤੋਂ ਇਲਾਵਾ 1995 ਵਿੱਚ ਓਕਲਾਹੋਮਾ ਅਤੇ 1996 ਵਿੱਚ ਐਟਲਾਂਟਾ ਦੇ ਸੈਂਟੀਨਲ ਪਾਰਕ ਵਿੱਚ ਹੋਏ ਬੰਬ ਹਮਲਿਆਂ ਸਮੇਤ ਹੋਰ ਬਹੁਤ ਸਾਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਪਿੱਛੇ ਅਖੌਤੀ ਦੇਸ਼ ਭਗਤ ਅਮਰੀਕੀ ਨਾਗਰਿਕਾਂ ਦਾ ਹੱਥ ਸਾਹਮਣੇ ਆਇਆ ਸੀ। ਅਮਰੀਕਾ ਨੇ ਇਸ ਘਟਨਾ ਦੀ ਜਾਂਚ ਫੈਡਰਲ ਏਜੰਸੀ ਨੂੰ ਸੌਂਪੀ ਹੈ ਅਤੇ ਅਜੇ ਤਕ ਕੋਈ ਸਪਸ਼ਟ ਸਬੂਤ ਸਾਹਮਣੇ ਨਹੀਂ ਆਏ ਪਰ ਫੇਰ ਵੀ ਅਮਰੀਕਾ ਦੇ 'ਦੇਸ਼ ਭਗਤੀ' ਵਾਲੇ ਦਿਨ ਹੋਏ ਇਨ੍ਹਾਂ ਧਮਾਕਿਆਂ ਵਿੱਚ ਅਜਿਹੇ ਅਮਰੀਕੀ ਦੇਸ਼ ਭਗਤ ਅਤਿਵਾਦੀਆਂ ਦਾ ਹੱਥ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਧਮਾਕਿਆਂ ਵਿੱਚ ਅਮਰੀਕਾ ਦੇ ਕਿਸੇ ਵੀ ਵੱਡੇ ਨੇਤਾ ਜਾਂ ਕਾਰੋਬਾਰੀ ਅਦਾਰੇ ਨੂੰ ਨਿਸ਼ਾਨਾ ਨਾ ਬਣਾਇਆ ਜਾਣਾ ਇਨ੍ਹਾਂ ਪਿੱਛੇ ਕੌਮਾਂਤਰੀ ਅਤਿਵਾਦੀਆਂ ਦੇ ਹੱਥ ਹੋਣ ਦੀ ਸੰਭਾਵਨਾ ਵੱਲ ਸੰਕੇਤ ਨਹੀਂ ਕਰਦਾ। ਸਤੰਬਰ 2001 ਦੇ ਅਤਿਵਾਦੀ ਹਮਲੇ ਤੋਂ ਬਾਅਦ ਅਮਰੀਕਾ ਸਰਕਾਰ ਦੀਆਂ ਕੌਮਾਂਤਰੀ ਪੱਧਰ 'ਤੇ ਅਤਿਵਾਦ-ਵਿਰੋਧੀ ਕਾਰਵਾਈਆਂ ਸਦਕਾ ਅਤੇ ਓਸਾਮਾ-ਬਿਨ-ਲਾਦਿਨ ਦੀ ਮੌਤ ਨਾਲ ਅਤਿਵਾਦੀਆਂ ਦੇ ਹੌਸਲੇ ਪਸਤ ਹੋ ਚੁੱਕੇ ਹਨ ਅਤੇ ਉਨ੍ਹਾਂ ਦੁਆਰਾ ਅਮਰੀਕਾ ਵਿੱਚ ਅਜਿਹੀ ਕਿਸੇ ਵੀ ਕਾਰਵਾਈ ਨੂੰ ਅੰਜਾਮ ਦੇਣਾ ਅਸੰਭਵ ਜਾਪਦਾ ਹੈ।

ਬੋਸਟਨ ਵਿੱਚ ਹੋਏ ਇਨ੍ਹਾਂ ਬੰਬ ਧਮਾਕਿਆਂ ਦਾ ਕੌਮਾਂਤਰੀ ਪੱਧਰ 'ਤੇ ਪ੍ਰਭਾਵ ਪੈਣਾ ਸੁਭਾਵਿਕ ਹੈ। ਅਤਿਵਾਦ ਦੀ ਆੜ ਵਿੱਚ ਜਿੱਥੇ ਅਮਰੀਕਾ ਦਹਿਸ਼ਤਗਰਦ-ਵਿਰੋਧੀ ਆਪਣੀ ਨੀਤੀ ਨੂੰ ਹੋਰ ਪ੍ਰਭਾਵੀ ਬਣਾਏਗਾ, ਉੱਥੇ ਉਸ ਲਈ ਅੰਦਰੂਨੀ ਦੇਸ਼ ਭਗਤ ਅਤਿਵਾਦੀਆਂ ਦੁਆਰਾ ਵਿਦੇਸ਼ੀਆਂ ਪ੍ਰਤੀ ਉੱਠ ਰਹੇ ਵਿਦਰੋਹ ਨੂੰ ਸ਼ਾਂਤ ਕਰਨ ਲਈ ਵੀ ਪ੍ਰਭਾਵਸ਼ਾਲੀ ਰਣਨੀਤੀ ਅਪਨਾਉਣ ਦੀ ਜ਼ਰੂਰਤ ਹੋਵੇਗੀ। ਇਸ ਤੋਂ ਇਲਾਵਾ ਆਪਣੀਆਂ ਖੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਨੂੰ ਵੀ ਹੋਰ ਚੁਸਤ-ਦਰੁਸਤ ਕਰਨਾ ਹੋਵੇਗਾ ਜਿਨ੍ਹਾਂ ਦੀ ਅਣਗਹਿਲੀ ਕਾਰਨ ਇਹ ਬੰਬ ਧਮਾਕੇ ਰੋਕੇ ਨਹੀਂ ਜਾ ਸਕੇ। ਭਾਰਤ ਨੂੰ ਇਨ੍ਹਾਂ ਧਮਾਕਿਆਂ ਤੋਂ ਸਬਕ ਸਿੱਖਣ ਦੀ ਲੋੜ ਹੈ ਕਿਉਂਕਿ ਇੱਥੇ ਵੀ ਵੱਖ-ਵੱਖ ਕਿਸਮ ਦੇ ਅੰਦਰੂਨੀ ਅਤੇ ਬਾਹਰੀ ਅਤਿਵਾਦੀ ਗਰੁੱਪ ਸਰਗਰਮ ਹਨ।

ਇਹ ਧਮਾਕੇ ਦੇਸ਼ ਦੀਆਂ ਸਿਆਸੀ ਪਾਰਟੀਆਂ ਨੂੰ ਜਾਗਰੂਕ ਕਰਦੇ ਹਨ ਜਿਹੜੀਆਂ ਸੌੜੇ ਸਿਆਸੀ ਹਿੱਤਾਂ ਲਈ ਆਮ ਨਾਗਰਿਕਾਂ ਦੀ ਸੁਰੱਖਿਆ ਪ੍ਰਤੀ ਅਵੇਸਲਾਪਣ ਦਿਖਾ ਰਹੀਆਂ ਹਨ ਅਤੇ ਕੇਂਦਰੀ ਸਰਕਾਰ ਦੀ ਸਾਂਝੀ ਸੁਰੱਖਿਆ ਨੀਤੀ ਪ੍ਰਤੀ ਚੁੱਕੇ ਜਾ ਰਹੇ ਕਦਮਾਂ ਦੀ ਅਕਾਰਨ ਹੀ ਵਿਰੋਧਤਾ ਕਰ ਰਹੀਆਂ ਹਨ।

ਇਨ੍ਹਾਂ ਬੰਬ ਧਮਾਕਿਆਂ ਬਾਅਦ ਅਮਰੀਕੀ ਸਰਕਾਰ ਦੁਆਰਾ ਤੁਰੰਤ ਕੀਤੀ ਗਈ ਰਾਹਤ ਕਾਰਵਾਈ ਤੋਂ ਸਬਕ ਸਿੱਖਦੇ ਹੋਏ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਕਿਸੇ ਵੀ ਸੰਭਾਵਿਤ ਦੁਰਘਟਨਾ ਸਮੇਂ ਸਹਾਇਤਾ ਲਈ ਪ੍ਰਬੰਧਕੀ ਮਸ਼ੀਨਰੀ ਨੂੰ ਚੁਸਤ-ਦਰੁਸਤ ਕੀਤੇ ਜਾਣਾ ਚਾਹੀਦਾ ਹੈ। ਬਿਨਾਂ ਸ਼ੱਕ, ਸਮੁੱਚਾ ਵਿਸ਼ਵ ਇਸ ਸਮੇਂ ਕਿਸੇ ਨਾ ਕਿਸੇ ਕਿਸਮ ਦੇ ਅਤਿਵਾਦ ਦਾ ਸ਼ਿਕਾਰ ਹੈ। ਇਸ ਲਈ ਅਜਿਹੇ ਹਮਲਿਆਂ ਨਾਲ ਨਿਪਟਣ ਲਈ ਪ੍ਰਭਾਵਸ਼ਾਲੀ ਨੀਤੀ ਬਣਾਉਣੀ ਸਮੇਂ ਦੀ ਲੋੜ ਹੈ।

# ਭਾਰਤ ਸਰਕਾਰ ਪ੍ਰੋਫੈਸਰ ਭੁੱਲਰ ਦੇ ਹੱਕ ਵਿਚ ਉਮੜੇ ਜਨਤਕ ਭਾਵਨਾਵਾਂ ਦੇ ਸੈਲਾਬ ਦੀ ਕਦਰ ਕਰੇ

ਜਰਮਨ ਦੀ ਸਰਕਾਰ ਨੇ ਪ੍ਰੋ. ਭੁੱਲਰ ਨੂੰ ਭਾਰਤ ਦੇ ਹਵਾਲੇ ਕਰਕੇ ਗਲਤੀ ਕੀਤੀ ਹੋਣ ਦਾ ਇਕਬਾਲ ਕੀਤਾ ਹੈ। ਇੰਨਾ ਹੀ ਨਹੀਂ ਪੂਰੀ ਦੁਨੀਆਂ ਵਿਚ ਵੱਸਦੀ ਸਿੱਖ ਕੌਮ ਸਮੇਤ ਵੱਖ-ਵੱਖ ਮੁਲਕਾਂ ਦੇ ਸਿਆਸੀ ਲੀਡਰ ਅਤੇ ਸਰਕਾਰਾਂ ਵੀ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਉਤੇ ਹਾਅ ਦਾ ਨਾਅਰਾ ਮਾਰ ਰਹੀਆਂ ਹਨ। ਪੰਜਾਬ ਵਿਚ ਇਸ ਵਕਤ ਤਣਾਅ ਵਾਲਾ ਮਾਹੌਲ ਹੈ, ਚੱਪੇ-ਚੱਪੇ ਤੇ ਅਰਧ ਸੈਨਿਕ ਬਲ ਤਾਇਨਾਤ ਹਨ ਅਤੇ ਪੰਜਾਬੀਆਂ ਵਿਚ ਫੈਲੇ ਭਾਰੀ ਰੋਸ ਦੇ ਮੱਦੇਨਜ਼ਰ ਇਕ ਵਾਰ ਫਿਰ ਸਰਕਾਰ ਉਹਨਾਂ ਦੀਆਂ ਭਾਵਨਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪੰਜਾਬ ਵਿਚਲੀਆਂ ਸਾਰੀਆਂ ਸਿੱਖ ਜਥੇਬੰਦੀਆਂ ਪ੍ਰੋ. ਭੁੱਲਰ ਦੀ ਸਜ਼ਾ ਰੁਕਵਾਉਣ ਲਈ ਦਿੱਲੀ ਵੱਲ ਮਾਰਚ ਕਰ ਰਹੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਕੇ ਸਜ਼ਾ ਉਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ। ਭਾਰਤੀ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਜਸਟਿਸ ਕਾਟਜੂ ਤੱਕ ਹਾਅ ਦਾ ਨਾਅਰਾ ਮਾਰ ਰਹੇ ਹਨ।

ਇੰਗਲੈਂਡ ਦੀ ਪਾਰਲੀਮੈਂਟ ਦੇ ਜ਼ਿਆਦਾਤਰ ਮੈਂਬਰ ਪ੍ਰੋ. ਭੁੱਲਰ ਨੂੰ ਜ਼ੁਲਮ ਦਾ ਸ਼ਿਕਾਰ ਦੱਸ ਰਹੇ ਹਨ। ਇਸ ਸਭ ਦੇ ਬਾਵਜੂਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੋ ਕਿ ਮਾਨਸਿਕ ਤੌਰ ਤੇ ਰੋਗੀ ਹੋ ਗਿਆ ਹੈ, ਇਸ ਵਕਤ ਉਹਨਾਂ ਨਾਲ ਬੀਤ ਰਹੀ ਨੂੰ ਸਮਝਣ ਤੋਂ ਅਸਮਰੱਥ ਹੈ। ਕਿਸ ਕਿਸਮ ਦੇ ਹਾਲਾਤਾਂ ਵਿਚ ਉਹ ਇੱਥੋਂ ਤੱਕ ਪਹੁੰਚਿਆ, ਇਕ ਦੇਸ਼ ਭਗਤ ਪਰਿਵਾਰ ਨਾਲ ਸਬੰਧ ਰੱਖਣ ਵਾਲਾ ਪੜ੍ਹਿਆ-ਲਿਖਿਆ ਨੌਜਵਾਨ ਕਿਸ ਤਰ੍ਹਾਂ ਸਰਕਾਰੀ ਜ਼ੁਲਮ ਅਤੇ ਉਜਾੜੇ ਦਾ ਸ਼ਿਕਾਰ ਹੋਇਆ, ਇਸ ਸਬੰਧੀ ਮੀਡੀਆ ਵਿਚ ਖ਼ੂਬ ਚਰਚਾ ਹੋ ਰਹੀ ਹੈ। ਇਕ ਨੌਜਵਾਨ ਜਿਸ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ, ਜਿਸ ਦੇ ਪਰਿਵਾਰਕ ਮੈਂਬਰਾਂ ਨੂੰ ਹਿਰਾਸਤਾਂ ਵਿਚ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ ਹੋਵੇ, ਜਿਸ ਦਾ ਖੁਰਾ-ਖੋਜ ਮਿਟਾਉਣ ਲਈ ਪੁਲਿਸ ਹਰਲ-ਹਰਲ ਕਰਦੀ ਫਿਰਦੀ ਹੋਵੇ।




ਟ੍ਰਾਇਲ ਦਰਮਿਆਨ ਭੁਗਤੇ 100 ਤੋਂ ਜ਼ਿਆਦਾ ਗਵਾਹਾਂ ਨੇ ਉਸ ਦੀ ਪਛਾਣ ਤੱਕ ਨਾ ਕੀਤੀ ਹੋਵੇ ਅਤੇ ਜਿਸ ਨੂੰ ਪੁਲਿਸ ਨੇ ਤਸੀਹੇ ਦੇ ਕੇ ਕਨਫੈਸ਼ਨ ਕਰਵਾ ਲਿਆ ਗਿਆ ਹੋਵੇ। ਇਹ ਸਾਰੇ ਤੱਥ ਅਤੇ ਭਾਵਨਾਵਾਂ ਦਾ ਸੁਮੇਲ ਮਿਲ ਕੇ ਕਿਸੇ ਵੀ ਵਿਅਕਤੀ ਨੂੰ ਫਾਂਸੀ ਤਾਂ ਦੂਰ ਉਮਰ ਕੈਦ ਦੀ ਸਜ਼ਾ ਦਿੱਤੇ ਜਾਣ ਦੀ ਇਜਾਜ਼ਤ ਤੱਕ ਨਹੀਂ ਦਿੰਦੇ। ਭਾਰਤੀ ਸਿਸਟਮ ਦੇ ਵਿਚ ਫਾਂਸੀ ਦੀ ਵਿਵਸਥਾ ਹੈ, ਪਰ ਇਹ ਬਹੁਤ ਜ਼ਿਆਦਾ ਵਿਰਲੇ ਤੋਂ ਵਿਰਲੇ ਮਾਮਲਿਆਂ ਵਿਚ ਦਿੱਤੀ ਜਾਂਦੀ ਹੈ। ਵਿਰਲਾ ਕੀ ਹੁੰਦਾ ਹੈ- ਜੋ ਗਿਣ-ਮਿਥ ਕੇ, ਪੂਰੇ ਹੋਸ਼ੋ ਹਵਾਸ ਵਿਚ, ਮੁਸ਼ਟੰਡਪੁਣੇ ਵਿਚ ਕਿਸੇ ਅਜਿਹੇ ਵਿਅਕਤੀ ਦੀ ਜਾਨ ਲੈਂਦਾ ਹੈ, ਜਿਹੜਾ ਆਪਣੀ ਰੱਖਿਆ ਕਰਨ ਦੇ ਵੀ ਸਮਰੱਥ ਨਾ ਹੋਵੇ, ਜਿਹੜਾ ਜ਼ਾਲਮਾਨਾ ਤਰੀਕੇ ਨਾਲ ਕਿਸੇ ਦੀ ਜਾਨ ਲੈਂਦਾ ਹੈ, ਜਿਹੜਾ ਅਪਰਾਧ ਕਰਦੇ ਵਕਤ ਕਿਸੇ ਦੇ ਦਬਾਅ ਹੇਠ ਨਾ ਹੋਵੇ, ਬਲਕਿ ਇਹ ਉਸ ਦੀ ਨਿਰੋਲ ਇੱਛਾ ਹੋਵੇ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ, ਜੋ ਇਕ ਵਿਅਕਤੀ ਨੂੰ ਫਾਂਸੀ ਦੇ ਤਖਤੇ ਤੱਕ ਪਹੁੰਚਾ ਸਕਦੀਆਂ ਹਨ, ਪਰ ਇਹਨਾਂ ਵਿਚੋਂ ਇਕ ਵੀ ਪ੍ਰੋ. ਭੁੱਲਰ ਦੇ ਮਾਮਲੇ ਵਿਚ ਫਿੱਟ ਨਹੀਂ ਬੈਠਦੀ।

ਅੰਤਰ ਰਾਸ਼ਟਰੀ ਕਾਨੂੰਨ ਦੇ ਮੁਤਾਬਕ ਜਿਸ ਮੁਲਕ ਤੋਂ ਕਿਸੇ ਵਿਅਕਤੀ ਨੂੰ ਸਪੁਰਦਗੀ ਤਹਿਤ ਲਿਆਂਦਾ ਗਿਆ ਹੋਵੇ, ਉਸ ਮੁਲਕ ਦੇ ਕਾਨੂੰਨ ਮੁਤਾਬਕ ਜ਼ਿਆਦਾ ਤੋਂ ਜ਼ਿਆਦਾ ਸਜ਼ਾ ਤੋਂ ਵੱਧ ਸਜ਼ਾ ਨਹੀਂ ਦਿੱਤੀ ਜਾ ਸਕਦੀ। ਜੇਕਰ ਸਜ਼ਾ ਦੇਣੀ ਹੈ ਤਾਂ ਉਸ ਮੁਲਕ ਦੀ ਰਾਏ ਲੈਣੀ ਜ਼ਰੂਰੀ ਹੈ। ਜਰਮਨ ਸਰਕਾਰ ਨਾਲ ਵੀ ਭਾਰਤ ਸਰਕਾਰ ਨੇ ਅਜਿਹਾ ਹੀ ਸਮਝੌਤਾ ਕੀਤਾ ਸੀ, ਪਰ ਇਹ ਸਮਝੌਤੇ ਤੁਰੰਤ ਤੋੜ ਦਿੱਤੇ ਗਏ।

ਭਾਰਤ ਵਿਚ ਨਿਆਂਪਾਲਿਕਾ ਨੂੰ ਬਹੁਤ ਜ਼ਿਆਦਾ ਨਿਰਪੱਖ ਹੋਣ ਦਾ ਢੌਂਗ ਪਿੱਟਿਆ ਜਾ ਰਿਹਾ ਹੈ, ਪਰ ਇਹ ਨਿਆਂਪਾਲਿਕਾ ਉਦੋਂ ਕਿੱਥੇ ਚਲੀ ਗਈ ਸੀ, ਜਦੋਂ 1984 ਵਿਚ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਗਵਾਹ ਚੀਖ-ਚੀਖ ਕੇ ਕਾਤਲਾਂ ਦਾ ਨਾਂ ਲੈ ਰਹੇ ਹਨ, ਉਹਨਾਂ ਨੂੰ ਪਛਾਣ ਰਹੇ ਹਨ, ਪਰ ਇਸ ਨਿਆਂਪਾਲਿਕਾ ਨੇ ਉਦੋਂ ਕਿਉਂ ਨਹੀਂ 'ਸੂਓ ਮੋਟੋ' ਐਕਸ਼ਨ ਲਿਆ।

ਪੰਜਾਬ ਵਿਚ ਜੋ ਹਨੇਰਗਰਦੀ ਮਚੀ, ਉਹ ਸਭ ਦੇ ਸਾਹਮਣੇ ਹੈ। ਕਿੰਨੇ ਹਜ਼ਾਰ ਨੌਜਵਾਨ ਕੋਹ-ਕੋਹ ਕੇ ਮਾਰ ਦਿੱਤੇ ਗਏ, ਕਿੰਨੀਆਂ ਮਾਵਾਂ-ਭੈਣਾਂ ਦੀ ਬੇਪਤੀ ਹੋਈ, ਲੁੱਟ-ਖਸੁੱਟ ਕਰਨ ਵਾਲੇ ਸਰਕਾਰੀ ਗੁੰਡਿਆਂ ਨੇ ਪੰਜਾਬੀਆਂ ਦਾ ਰੱਜ ਕੇ ਲਹੂ ਨਿਚੋੜਿਆ, ਉਸ ਵਕਤ ਨਿਆਂਪਾਲਿਕਾ ਕਿੱਥੇ ਸੀ? ਇਹੀ ਉਹ ਸਮਾਂ ਹੈ, ਜਿਸ ਵਿਚ ਮਜਬੂਰ ਹੋਏ ਪ੍ਰੋ. ਭੁੱਲਰ ਵਰਗੇ ਪੜ੍ਹੇ-ਲਿਖੇ ਇਨਸਾਨ ਉਸ ਰਾਹ ਪੈਣ ਲਈ ਮਜਬੂਰ ਹੋਏ, ਜਿਸ ਰਾਹ ਤੁਰਦਿਆਂ ਇਕ ਚੰਗਾ ਇਨਸਾਨ ਹਜ਼ਾਰ ਵਾਰ ਸੋਚਦਾ ਹੈ।

ਖ਼ੈਰ, ਹੁਣ ਸਿੱਖ ਕੌਮ ਦੇ ਕੋਲ ਕੋਈ ਚਾਰਾ ਨਹੀਂ, ਕਿਉਂਕਿ ਭਾਰਤ ਦਾ ਸਾਰਾ ਤੰਤਰ ਹੀ ਪ੍ਰੋ. ਭੁੱਲਰ ਨੂੰ ਫਾਂਸੀ ਦੇਣ ਲਈ ਅੜਿਆ ਹੋਇਆ ਨਜ਼ਰ ਆਉਂਦਾ ਹੈ। ਸਿੱਖਾਂ ਦੇ ਕੋਲ ਹੁਣ ਵੀ ਇਕ ਚਾਰਾ ਹੈ ਕਿ ਉਹ ਇਸ ਨਿਆਂਇਕ ਕਤਲ ਦੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕਰਨ। ਪ੍ਰੋ. ਭੁੱਲਰ ਦੇ ਕੇਸ ਦੀ ਦੁਬਾਰਾ ਸੁਣਵਾਈ ਅੰਤਰ ਰਾਸ਼ਟਰੀ ਅਦਾਲਤ ਵਿਚ ਕਰਵਾਉਣ ਦੇ ਲਈ ਦਬਾਅ ਪਾਉਣ ਕਿਉਂਕਿ ਇਸ ਕੇਸ ਦੇ ਤੱਥ ਕਤਈ ਇਜਾਜ਼ਤ ਨਹੀਂ ਦਿੰਦੇ ਕਿ ਪ੍ਰੋ. ਭੁੱਲਰ ਦੋਸ਼ੀ ਹੈ। ਸਿੱਖਾਂ ਲਈ ਹਾਲੇ ਵੀ ਸਮਾਂ ਹੈ ਕਿ ਉਹ ਆਪਣੇ ਵਖਰੇਵੇਂ ਭੁਲਾ ਕੇ ਸਿਰ ਧੜ ਦੀ ਬਾਜੀ ਲਗਾਉਣ ਵਾਲੇ ਬਹਾਦਰ ਨੌਜਵਾਨ ਦੀ ਰੱਖਿਆ ਲਈ ਇੱਕਜੁਟ ਹੋ ਕੇ ਆਵਾਜ਼ ਬੁਲੰਦ ਕਰਨ।

ਹਾਅ ਦਾ ਨਾਅਰਾ ਮਾਰਨਾ ਹਰ ਇਨਸਾਨ ਦਾ ਫਰਜ਼ ਹੈ ਅਤੇ ਆਓ ਉੱਚੀ ਆਵਾਜ਼ ਵਿੱਚ ਹਾਅ ਦਾ ਨਾਹਰਾ ਮਾਰੀਏ ਅਤੇ ਭਾਰਤ ਨੂੰ ਸਿੱਖ ਸਪੂਤ ਦਾ ਜੁਡੀਸ਼ੀਅਲ ਕਤਲ ਕਰਨ ਤੋਂ ਰੋਕੀਏ।

## ਸੰਪਾਦਕੀ

# ਸਮਾਜ ਦੀਆਂ ਲੋੜਾਂ



ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ।

ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ’ ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ।

ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ।

ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿ-ਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# ਨਿਆਂ ਲਈ ਭਾਰਤੀ ਔਰਤਾਂ ਸੜਕਾਂ ’ਤੇ ਉਤਰਨ ਲਈ ਮਜਬੂਰ

ਭਾਰਤ ਦੀ ਰਾਜਧਾਨੀ ’ਚ ਇਕ ਵਾਰ ਫਿਰ ਲੋਕ ਸੜਕਾਂ ’ਤੇ ਉਤਰੇ ਹੋਏ ਹਨ। ਦਿੱਲੀ ਪੁਲਿਸ ਮੁੜ ਨਿਸ਼ਾਨੇ ’ਤੇ ਹੈ। ਲੋਕਾਂ ਦੁਆਰਾ ਦਿੱਲੀ ਦੀ ਸਰਕਾਰ ਤੇ ਕੇਂਦਰ ਦੀ ਸਰਕਾਰ ’ਤੇ ਭਾਰੀ ਦਬਾਅ ਪਾਇਆ ਗਿਆ ਤੇ ਮੰਗ ਮਨਵਾਈ ਗਈ। ਪ੍ਰਧਾਨ ਮੰਤਰੀ ਤੱਕ ਨੂੰ ਬੋਲਣਾ ਪਿਆ ਹੈ, ਗ੍ਰਹਿ ਮੰਤਰਾਲੇ ਨੇ ਦਿੱਲੀ ਪੁਲਿਸ ਤੋਂ ਮਾਮਲੇ ਦੀ ਮੁਕੰਮਲ ਰਿਪੋਰਟ ਮੰਗੀ ਹੈ। ਪ੍ਰਧਾਨ ਮੰਤਰੀ ਨੇ ਮੰਦੀ ਘਟਨਾ ਨੂੰ ਸ਼ਰਮਨਾਕ ਕਿਹਾ ਹੈ। ਇਹ ਪਿਛਲੇ ਸਾਲ ਦੇ ਦਸੰਬਰ ਮਹੀਨੇ ਦੇ ਦੂਜੇ ਅੱਧ ’ਚ ਬਣੇ ਮਾਹੌਲ ਦੀ ਯਾਦ ਤਾਜ਼ਾ ਕਰਨ ਲਈ ਕਾਫੀ ਹੈ। ਤਦ 16 ਦਸੰਬਰ ਨੂੰ ਇਕ ਵਿਦਿਆਰਥਣ ਦਾ ਦਿੱਲੀ ’ਚ ਚੱਲਦੀ ਬੱਸ ’ਚ ਬੇਰਹਿਮੀ ਨਾਲ ਬਲਾਤਕਾਰ ਕੀਤਾ ਗਿਆ ਸੀ ਤੇ ਉਸ ਦੇ ਦੋਸਤ ਨੂੰ ਵੀ ਬੁਰੀ ਤਰ੍ਹਾਂ ਕੁੱਟਿਆ-ਮਾਰਿਆ ਗਿਆ ਸੀ। ਕਈ ਨਾਵਾਂ ਨਾਲ ਜਾਣੀ ਜਾ ਚੁੱਕੀ ਇਹ ਲੜਕੀ ਬਿਹਤਰਹੀਨ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਬਾਅਦ ਵੀ ਬਚਾਈ ਨਹੀਂ ਸੀ ਜਾ ਸਕੀ। ਇਸ ਸਾਰੇ ਘਟਨਾਕ੍ਰਮ ’ਤੇ ਦਿੱਲੀ ਦੇ ਹੀ ਨਹੀਂ, ਸਮੁੱਚੇ ਭਾਰਤ ਦੇ ਲੋਕਾਂ ਨੇ ਜ਼ਬਰਦਸਤ ਰੋਸ ਪ੍ਰਗਟ ਕੀਤਾ, ਜਿਸ ਦੇ ਨਤੀਜੇ ਵਜੋਂ ਵਰਮਾ ਕਮੇਟੀ ਬਣੀ, ਜਿਸ ਦੀਆਂ ਸਿਫਾਰਸ਼ਾਂ ’ਤੇ ਬਲਾਤਕਾਰ ਵਿਰੋਧੀ ਕਾਨੂੰਨ ਪਿਛਲੇ ਦਿਨੀਂ ਹੀ ਸੰਸਦ ’ਚੋਂ ਪਾਸ ਕਰਵਾਇਆ ਗਿਆ। 16 ਦਸੰਬਰ ਦੇ ਬਲਾਤਕਾਰ ਦੇ ਦੋਸ਼ੀਆਂ ਵਿਰੁੱਧ ਮੁਕੱਦਮਾ ਚੱਲ ਰਿਹਾ ਹੈ। ਬਹੁਤੀ ਸੰਭਾਵਨਾ ਇਹੋ ਹੈ ਕਿ ਜਲਦ ਹੀ ਇਨ੍ਹਾਂ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣਗੀਆਂ। ਇਕ ਚੱਕਰ ਪੂਰਾ ਹੋ ਜਾਵੇਗਾ। ਪਰ ਪਿਛਲੇ ਦਿਨੀਂ ਜੋ ਦਿੱਲੀ ’ਚ ਹੈਵਾਨੀਅਤ ਭਰੀ ਘਟਨਾ ਵਾਪਰੀ, ਉਸ ਨੇ ਵਿਵਸਥਾ ਦੀਆਂ ਤਮਾਮ ਕਮਜ਼ੋਰੀਆਂ ਮੁੜ ਨੰਗੀਆਂ ਕਰ ਦਿੱਤੀਆਂ ਹਨ। ਸਭ ਕੁਝ ਪਿਛਲੀ ਵਾਰ ਵਾਂਗ ਦੁਹਰਾਇਆ ਗਿਆ ਨਜ਼ਰ ਆ ਰਿਹਾ ਹੈ, ਪਰ ਇਹ ਤੱਥ ਹੋਰ ਵੀ ਡਰਾਉਣੇ ਢੰਗ ਨਾਲ ਸਭਨਾਂ ਦੇ ਸਾਹਮਣੇ ਆਇਆ ਹੈ ਕਿ ਔਰਤਾਂ, ਲੜਕੀਆਂ ਤੇ ਇੱਥੋਂ ਤੱਕ ਕਿ ਬੱਚੀਆਂ ਦੀ ਸਥਿਤੀ ਬੇਹੱਦ ਨਾਜ਼ੁਕ ਬਣੀ ਹੋਈ ਹੈ, ਉਹ ਕਿਸੇ ਵੀ ਦਰਿੰਦਗੀ ਦਾ ਸ਼ਿਕਾਰ ਹੋ ਸਕਦੀਆਂ ਹਨ। ਕਾਨੂੰਨ ਵਿਵਸਥਾ ਬਣਾਈ ਰੱਖਣ ਵਾਲੀ ਪੁਲਿਸ ਔਰਤਾਂ ਲਈ ਸੰਵੇਦਨਹੀਣ ਢੰਗ ਨਾਲ ਚੱਲਣ ’ਚ ਹੀ ਫਖ਼ਰ ਮਹਿਸੂਸ ਕਰ ਰਹੀ ਹੈ। ਭਾਰਤ ਦੀ ਅਖੌਤੀ ਉੱਭਰ ਰਹੀ ਅਰਥ-ਵਿਵਸਥਾ ਦਾ ਜੋ ਅਕਸ ਦੁਨੀਆ ਭਰ ’ਚ ਜਾ ਰਿਹਾ ਹੈ, ਜਿਸ ’ਤੇ ਭਾਰਤੀ ਹੁਕਮਰਾਨ ਫਖ਼ਰ ਨਾਲ ਫੁੱਲ ਰਹੇ ਹਨ, ਉਸ ਚਮਕ ’ਤੇ ਦਿੱਲੀ ’ਚ ਪੰਜ ਸਾਲਾਂ ਦੀ ਬੱਚੀ ਨਾਲ ਹੋਏ ਵਹਿਸ਼ੀ ਕਿਸਮ ਦੇ ਬਲਾਤਕਾਰ ਨੇ ਕਾਲਖ ਪੋਤ ਦਿੱਤੀ ਹੈ। ਉਪਰੋਂ ਕਾਲਖ ਦੀ ਪਰਤ ਪੁਲਿਸ ਦੀ ਕਾਰਵਾਈ ਨੇ ਫੇਰ ਦਿੱਤੀ। 16 ਅਪ੍ਰੈਲ ਤੋਂ ਗੁੰਮ ਹੋਈ ਬੱਚੀ ਦੀ ਪੁਲਿਸ ਨੇ ਸ਼ਿਕਾਇਤ ਤੱਕ ਦਰਜ ਕਰਨ ਤੋਂ ਪਾਸਾ ਵੱਟੀ ਰੱਖਿਆ। ਜਦੋਂ ਘਰਦਿਆਂ ਨੇ ਬੱਚੀ ਨੂੰ ਆਪੇ ਲੱਭ ਲਿਆ, ਜੋ ਉਸੇ ਇਮਾਰਤ ਦੀ ਹੇਠਲੀ ਮੰਜ਼ਿਲ ’ਚ ਹੀ ਅਗਵਾ ਕਰਕੇ ਰੱਖੀ ਗਈ ਸੀ, ਤਾਂ ਪੁਲਿਸ ਨੇ ਬਲਾਤਕਾਰ ਦਾ ਮਾਮਲਾ ਤਾਂ ਕੀ ਦਰਜ ਕਰਨਾ ਸੀ, ਬੱਚੀ ਦੇ ਪਿਤਾ ਨੂੰ ਦੋ ਹਜ਼ਾਰ ਰੁਪਏ ਦੇ ਕੇ ਮੂੰਹ ਬੰਦ ਰੱਖਣ ਦੀ ਸਲਾਹ ਦੇ ਦਿੱਤੀ। ਬੱਚੀ ਨਾਲ ਵਹਿਸੀ ਢੰਗ ਨਾਲ ਬਲਾਤਕਾਰ ਹੀ ਨਹੀਂ ਕੀਤਾ ਗਿਆ, ਉਸ ਦੇ ਅੰਦਰੂਨੀ ਅੰਗਾਂ ’ਚੋਂ ਮੋਮਬੱਤੀ ਤੇ ਸ਼ੀਸ਼ੀ ਮਿਲੀ, ਜਿਸ ਨਾਲ ਉਹ 16 ਦਸੰਬਰ ਨੂੰ ਬਲਾਤਕਾਰ ਦਾ ਸ਼ਿਕਾਰ ਹੋਈ ਦਾਮਿਨੀ ਵਾਂਗ ਹੀ ਲਾਗ ਤੋਂ ਬੁਰੀ ਤਰ੍ਹਾਂ ਪੀੜਤ ਹੈ। ਉਸ ਵਾਂਗ ਹੀ ਏਮਜ਼ ’ਚ ਇਸ ਬੱਚੀ ਦਾ ਇਲਾਜ ਕਰ ਰਹੇ ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਅਜਿਹੀ ਬੇਰਹਿਮੀ ਦਾ ਆਪਣੇ ਜੀਵਨ ’ਚ ਪਹਿਲਾਂ ਕੋਈ ਮਾਮਲਾ ਨਹੀਂ ਵੇਖਿਆ। ਲੋਕਾਂ ਦੇ ਜ਼ੋਰ ਪਾਉਣ ’ਤੇ ਹੀ ਸਵਾਮੀ ਦਿਆਨੰਦ ਹਸਪਤਾਲ ਤੋਂ ਆਲ ਇੰਡੀਆ ਇੰਸਟੀਚਿਊਟ ਆਫ ਸਾਇੰਸਸ (ਏਮਸ) ਵਿਖੇ ਤਬਾਦਲਾ ਕੀਤਾ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਬਣੀ ਹੋਈ ਹੈ। ਪੁਲਿਸ ਜਦ ਹਰਕਤ ’ਚ ਆਈ ਤਾਂ ਉਸ ਨੇ ਉਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਤੋਂ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ। ਸਵਾਮੀ ਦਿਆਨੰਦ ਹਸਪਤਾਲ ’ਚ ਆਮ ਲੋਕਾਂ ਦੁ-ਆਰਾ ਰੋਸ ਵਿਖਾਵਾ ਕੀਤਾ ਗਿਆ, ਜਿਸ ਦੌਰਾਨ ਪੁਲਿਸ ਨੇ ਇਕ ਵਿਖਾਵਾਕਾਰੀ ਲੜਕੀ ਦੇ ਹੀ ਚਪੇੜਾਂ ਜੜ ਕੇ ਆਪਣਾ ਗੁੱਸਾ ਕੱਢਿਆ। ਥੱਪੜ ਮਾਰਨ ਵਾਲੇ ਏਐਸਪੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਪਰ ਪੁਲਿਸ ਦੀ ਸਮੁੱਚੀ ਕਵਾਇਦ, ਜੋ ਹੈਰਾਨੀਜਨਕ ਢੰਗ ਨਾਲ ਨਿੰਦਣਯੋਗ ਰਹੀ, ਨੇ ਕਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ, ਜਿਨ੍ਹਾਂ ਦਾ ਜਵਾਬ ਸਰਕਾਰਾਂ ਨਹੀਂ ਦੇ ਸਕਦੀਆਂ, ਕਿਉਂਕਿ ਵਿਵਸਥਾ ਅੰਦਰੋਂ ਇੰਨੀ ਗਲ-ਸੜ ਚੁੱਕੀ ਹੈ ਕਿ ਇਕ-ਦੋ ਮੁਅੱਤਲੀਆਂ ਇਸ ’ਚ ਕੁਝ ਵੀ ਸੁਧਾਰ ਨਹੀਂ ਕਰ ਸਕਦੀਆਂ, ਜਿਸ ਦੇ ਸਬੂਤ ਲਗਾਤਾਰ ਸਾਹਮਣੇ ਆਉਂਦੇ ਰਹੇ ਬਲਾਤਕਾਰ ਦੇ ਮਾਮਲੇ ਦਿੰਦੇ ਹਨ। ਸਰਕਾਰ ਦੇ ਤਮਾਮ ਦਾਅਵਿਆਂ ਦੇ ਬਾਵਜੂਦ ਔਰਤਾਂ ਦੇ ਬਲਾਤਕਾਰ ਦੇ ਜ਼ੁਲਮਾਂ ਨੂੰ ਠੱਲ੍ਹ ਨਹੀਂ ਪਈ। ਔਰਤ ਪ੍ਰਤੀ ਇਹ ਵਰਤਾਰਾ ਦਰਸਾਉਂਦਾ ਹੈ ਕਿ ਇਸ ਅਨਿਆਂ ਵਿਰੁੱਧ ਭਾਰਤੀ ਔਰਤਾਂ ਨੂੰ ਲੰਬਾ ਸੰਘਰਸ਼ ਕਰਨਾ ਪਵੇਗਾ। ਇਹ ਵੀ ਸਾਫ ਹੈ ਕਿ ਆਪਣੀ ਦੂਜੀ ਮਿਆਦ ਪੂਰੀ ਕਰ ਰਹੀ ਯੂਪੀਏ-2 ਦੀ ਸਰਕਾਰ ਨੇ ਆਪਣੀ ਹਕੂਮਤ ਦੇ ਪਿਛਲੇ ਸਮੇਂ ਦੌਰਾਨ ਭਾਰਤੀ ਔਰਤ ਨੂੰ ਆਪਣੇ ਸਮਾਜਿਕ ਏਜੰਡੇ ’ਚ ਕੋਈ ਥਾਂ ਨਹੀਂ ਦਿੱਤੀ। ਇਸ ਨੇ ਭਾਰਤੀ ਔਰਤ ਲਈ ਸੁਰੱਖਿਅਤ ਮਾਹੌਲ ਬਣਾਉਣ ਦੀ ਆਪਣੀ ਸਮਾਜਿਕ ਜ਼ਿੰਮੇਵਾਰੀ ਨਹੀਂ ਨਿਭਾਈ। ਇਸੇ ਲਈ ਸੁਰੱਖਿਆ ਦੇ ਲਿਹਾਜ਼ ਭਾਰਤ ਦਾ ਸਥਾਨ ਦੁਨੀਆ ਦੇ ਮੁਲਕਾਂ ’ਚ ਸਭ ਤੋਂ ਹੇਠਲਿਆਂ ’ਚੋਂ ਹੈ। ਭਾਰਤ ਸਰਕਾਰ ਤੇ ਪ੍ਰਧਾਨ ਮੰਤਰੀ ਲਈ ਇਹ ਘੱਟ ਸ਼ਰਮਨਾਕ ਨਹੀਂ।



## ਬਾਬਾ ਸਾਹਿਬ ਜੀ ਦੇ ਕੁਝ ਸੰਦੇਸ਼ ਜੋ ਸਮਝਣਯੋਗ ਹਨ

1. ਮਾਨਸਿਕ ਆਜ਼ਾਦੀ ਹੀ ਅਸਲ ਆਜ਼ਾਦੀ ਹੈ। ਜੋ ਮਾਨਸਿਕ ਤੌਰ ਤੇ ਆਜ਼ਾਦ ਨਹੀਂ ਉਹ ਆਜ਼ਾਦ ਹੁੰਦੇ ਹੋਏ ਵੀ ਗੁਲਾਮ ਹੈ ਅਤੇ ਜਿਉਂਦੇ ਹੋਏ ਵੀ ਮਰੇ ਸਮਾਨ ਹੈ। ਮਨ ਦੀ ਆਜ਼ਾਦੀ ਹੀ ਜੀਵਨ ਦਾ ਮੰਤਵ ਹੈ। ਜੋ ਆਪਣੀ ਬੁੱਧੀ ਨੂੰ ਜਾਗਰੂਕ ਰੱਖਦੇ ਹੋਏ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਰਹਿੰਦਾ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ। ਜੋ ਪ੍ਰੰਪਰਾਵਾਂ ਅਤੇ ਸਮੇਂ ਦਾ ਗੁਲਾਮ ਨਹੀਂ ਹੈ ਜਿਸ ਦੇ ਵਿਚਾਰਾਂ ਦੀ ਜੋਤ ਬੁੱਝੀ ਨਹੀਂ ਹੈ, ਜੋ ਵਿਰੋਧੀ ਸਮੂਹ ਤੋਂ ਘਬਰਾਂਦਾ ਨਹੀਂ, ਦੂਜਿਆਂ ਦੇ ਹੱਥਾਂ ਦਾ ਖਿਡੌਣਾ ਨਹੀਂ ਬਣਦਾ, ਐਨੀ ਬੁੱਧੀ ਤੇ ਸਵੈ-ਮਾਣ ਜਿਸ ਦੇ ਕੋਲ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ।

2. ਗ਼ੁਲਾਮਾਂ ਨੂੰ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਖੁਦ ਤੋੜਨੀਆਂ ਪੈਣਗੀਆਂ। ਉਨ੍ਹਾਂ ਦੇ ਮਾਲਕ ਇਨ੍ਹਾਂ ਜ਼ੰਜ਼ੀਰਾਂ ਨੂੰ ਕਿਉਂ ਤੋੜਨਗੇ? ਉਹ ਆਪਣੇ ਪੈਰਾਂ ਤੇ ਆਪ ਕੁਲਹਾੜੀ ਕਿਉਂ ਮਾਰਨਗੇ? ਅਪਮਾਨਿਤ ਹੋ ਕੇ ਜਿਉਂਦੇ ਰਹਿਣਾ ਲਾਹਨਤ ਹੈ। ਆਤਮ ਵਿਸ਼ਵਾਸ ਨਾਲ ਜੀਵਨ ਜੀਣਾ ਅਤਿ ਅਵੱਸ਼ਕ ਹੈ। ਇਸ ਤੋਂ ਬਿਨਾਂ ਜੀਵਨ ਵਿਅਰਥ ਹੈ। ਸਵੈ-ਮਾਣ ਨਾਲ ਜੀਵਨ ਜਿਊਣ ਲਈ ਬੇਸ਼ੁਮਾਰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰੰਤੂ ਕਠਿਨਾਈਆਂ ਤੇ ਸੰਘਰਸ਼ ਨਾਲ ਹੀ ਸ਼ਕਤੀ, ਵਿਸ਼ਵਾਸ ਤੇ ਮਾਨ ਪ੍ਰਾਪਤ ਹੋ ਸਕਦਾ ਹੈ। ਅਸੀਂ ਦਾਸ ਨਹੀਂ, ਯੋਧਾ ਵੰਸ਼ ਹਾਂ, ਇਸ ਦੇਸ਼ (ਭਾਰਤ) ਦੇ ਮਾਲਕ ਹਾਂ।

3. ਸਾਡੇ ਅੰਦੋਲਨ ਦਾ ਲਕਸ਼ ਕੇਵਲ ਆਪਣੀ ਅਯੋਗਤਾ ਦੂਰ ਕਰਨਾ ਹੀ ਨਹੀਂ ਹੈ ਬਲਕਿ ਦੇਸ਼ ਵਿਚ ਸਮਾਜਿਕ ਇਨਕਲਾਬ ਲਿਆਉਣਾ ਵੀ ਹੈ। ਇਕ ਐਸਾ ਇਨਕਲਾਬ ਜਿਸ ਰਾਹੀਂ ਉਚ ਤੋਂ ਉਚ ਪਦ ਤੇ ਪਹੁੰਚਣ ਲਈ ਹਰ ਮਨੁੱਖ ਨੂੰ ਬਰਾਬਰ ਮੌਕਾ ਮਿਲ ਸਕੇ। ਜਿੱਥੇ ਤੱਕ ਅਧਿਕਾਰਾਂ ਦਾ ਸਬੰਧ ਹੈ ਮਨੁੱਖ-ਮਨੁੱਖ ਵਿਚਕਾਰ ਭੇਦ ਭਾਵ ਨਾ ਕਰਦੇ ਹੋਏ ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਸਿਰਜਨਾ ਕਰਨਾ ਹੈ।

## ਸਾਡੇ ਹੱਕ ‘ਤੇ ਡਾਕਾ !

ਜਦੋਂ ਚ੍ਹਾੜਦੇ ਹੁਕਮ ਬੇ-ਕਿਰਕ ਹੋ ਕੇ
ਉਚਾ ਉਨ੍ਹਾਂ ਦਾ ਉਦੋਂ ਹੀ ਨੱਕ ਹੁੰਦੈ।
ਛਿੱਕੇ ਟੰਗ ਕੇ ਕੜੇ-ਕਾਨੂੰਨ ਸਾਰੇ
ਦਿੰਦੇ ਜ੍ਹੇਲ ਵਿੱਚ ਜਿਹਨੂੰ ਵੀ ਧੱਕ ਹੁੰਦੈ।
ਕਾਰੇ ਦੇਖ ਕੇ ਗੱਦੀ ‘ਤੇ ਬੈਠਿਆਂ ਦੇ
ਰੰਗ ਪਰਜਾ ਦੇ ਚਿਹਰੇ ਦਾ ਫੱਕ ਹੁੰਦੈ।
ਉਮਰਾਂ ਲੰਮੀਆਂ ਮਾਣਦੇ ‘ਖ਼ੂਨ-ਪੀਣੇ’
ਅੰਨ-ਜਲ ਉਨ੍ਹਾਂ ਦਾ ਔਖਾ ਈ ਚੱਕ ਹੁੰਦੈ!
ਵੱਟੇ ਚੁੱਪ ਕਿਉਂ ਲੋਕਾਂ ਦਾ ਕਵੀ ਹੋ ਕੇ?
ਮੂੰਹ ਨੂੰ ਬੰਨ੍ਹ ਕੇ ਕਿੰਨਾ ਕੁ ਰੱਖ ਹੁੰਦੈ।
ਔਰੰਗਜ਼ੇਬ ਵਰਗੇ ਜਾਬਰ ਹਾਕਮਾਂ ਦਾ
ਡਾਕੇ ਮਾਰਨੇ ਹੱਕਾਂ ‘ਤੇ ‘ਹੱਕ’ ਹੁੰਦੈ!!



-ਤਰਲੋਚਨ ਸਿੰਘ ‘ਦੁਪਾਲ ਪੁਰ’
001-408-915-1268


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਵਿਦਾਸੀਆ ਕਮਿਊਨਿਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 636ਵਾਂ ਗੁਰਪੁਰਬ ਦਿਹਾੜਾ ਸਟੇਟ ਕੈਪੀਟਲ ਵਿਖੇ ਮਨਾਇਆ ਜਾਵੇਗਾ




ਸੈਕਰਾਮੈਂਟੋ- ਨਵਗਠਿਤ ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਰਵਿਦਾਸੀਆ ਕਮਿਊਨਿਟੀ ਕੈਲੀਫੋਰਨੀਆ (ਯੂ. ਐਸ. ਏ.) ਵੱਲੋਂ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 636ਵਾਂ ਪਾਵਨ ਪ੍ਰਕਾਸ਼ ਦਿਹਾੜਾ 12 ਮਈ 2013 ਦਿਨ ਐਤਵਾਰ ਨੂੰ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਖੇ ਸਟੇਟ ਕੈਪੀਟਲ ਵਿਖੇ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਨਵਗਠਿਤ ਕਮੇਟੀ ਦੇ ਤਵਿੰਦਰ ਕਾਜਲਾ, ਹੰਸ ਰਾਜ ਕਾਜਲਾ ਅਤੇ ਰਾਕੇਸ਼ ਚੰਦਰ ਨੇ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਸੰਸਥਾ ਵੱਲੋਂ ਇੱਥੇ ਪ੍ਰੋਗਰਾਮ ਕਰਨ ਦਾ ਮੁੱਖ ਮਕਸਦ ਹੈ ਕਿ ਰਵਿਦਾਸੀਆ ਕਮਿਊਨਿਟੀ ਨੂੰ ਜਿੱਥੇ ਹੋਰ ਮਜ਼ਬੂਤ ਕਰਨਾ ਹੈ, ਉਥੇ ਇਸ ਪ੍ਰਤੀ ਸਟੇਟ ਅਤੇ ਹੋਰ ਕਮਿਊਨਿਟੀਆਂ ਨੂੰ ਜਾਣੂ ਕਰਵਾਉਣਾ ਹੈ। ਇਸ ਦੇ ਨਾਲ ਨਾਲ ਰਵਿਦਾਸੀਆ ਕਮਿਊਨਿਟੀ ਦੀ ਨੌਜਵਾਨ ਪੀੜ੍ਹੀ ਨੂੰ ਜਿੱਥੇ ਅੱਗੇ ਲਿਆਉਣਾ ਹੈ, ਉਥੇ ਉਹਨਾਂ ਨੂੰ ਆਪਣੇ ਰਹਿਬਰ ਸੱਚੇ ਪਾਤਸ਼ਾਹ ਸਾਹਿਬ ਸਤਿਗੁਰੂ ਰਵਿਦਾਸ ਜੀ ਦੇ ਜੀਵਨ, ਮਿਸ਼ਨ, ਪਵਿੱਤਰ ਬਾਣੀ ਅਤੇ ਉਹਨਾਂ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਹੋਵੇਗਾ। ਉਹਨਾਂ ਆਪਣੀ ਗੱਲ ਅੱਗੇ ਵਧਾਉਂਦਿਆਂ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ, ਵਿਦਿਅਕ ਆਰਥਿਕਤਾ, ਸਮਾਜਿਕ ਦੇ ਨਾਲ ਇੱਥੋਂ ਰਾਜਨੀਤੀ ਵਿਚ ਆਪਣਾ ਬਣਦਾ ਯੋਗਦਾਨ ਪਾ ਕੇ ਇਕ ਚੰਗੇ ਨਾਗਰਿਕ ਵਜੋਂ ਮਿਸਾਲਾਂ ਪੈਦਾ ਕਰ ਸਕਣ। ਉਹਨਾਂ ਸਮੂਹ ਰਵਿਦਾਸੀਆ ਕਮਿਊਨਿਟੀ ਨੂੰ ਬੇਨਤੀ ਕੀਤੀ ਕਿ ਸਾਰੇ ਹੁੰਮ ਹੁੰਮਾ ਕੇ ਇਸ ਪ੍ਰੋਗਰਾਮ ਵਿਚ ਹਾਜ਼ਰੀ ਲਗਵਾਉਣ ਕਿਉਂਕਿ ਇਹ ਸਾਰਿਆਂ ਦਾ ਸਾਂਝਾ ਅਤੇ ਸਾਂਝੇ ਰਹਿਬਰ ਦਾ ਗੁਰਪੁਰਬ ਦਿਹਾੜਾ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਵਿਸਾਖੀ ਪੁਰਬ ਅਤੇ ਬਾਬਾ ਸਾਹਿਬ ਡਾ.ਅੰਬੇਦਕਰ ਜੀ ਦਾ 112 ਵਾਂ ਜਨਮ ਦਿਹਾੜਾ ਮਨਾਇਆ

























ਸੈਕਰਾਮੈਂਟੋ- ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਵਿਸਾਖੀ ਅਤੇ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ, ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਅਤੇ ਦਲਿਤਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮ ਜੀ ਅੰਬੇਦਕਰ ਜੀ ਦਾ 112ਵਾਂ ਜਨਮ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਅਤੇ ਇਕ ਨਵੀਂ ਉਮੰਗ ਨੂੰ ਲੈ ਕੇ ਮਨਾਇਆ ਗਿਆ।

ਇਸ ਮੌਕੇ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਦੀ ਸਭਾ ਨੇ ਵੀ ਹਾਜ਼ਰੀ ਭਰੀ ਅਤੇ ਉਹਨਾਂ ਵੱਲੋਂ ਬਜ਼ੁਰਗ ਸ਼੍ਰੀਮਾਨ ਸੋਹਣ ਲਾਲ ਸਹੋਤਾ (ਰਿਟਾਇਰਡ ਬੀ. ਡੀ. ਓ.) ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਮੰਦਰ ਦੀ ਬਿਲਡਿੰਗ ਵਾਸਤੇ ਸਮੂਹ ਸੰਗਤ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਸਹਿਯੋਗ ਕਰਨ। ਇਸ ਮੌਕੇ ਸਭਾ ਦੇ ਚੇਅਰਮੈਨ ਗੁਰਪਾਲ ਸਿੰਘ ਅਤੇ ਪ੍ਰਧਾਨ ਪ੍ਰੇਮ ਸੌਂਧੀ ਜੀ ਤੋਂ ਇਲਾਵਾ ਹੋਰ ਵੀ ਸਭਾ ਮੈਂਬਰ ਮੌਜੂਦ ਸਨ।

ਸੈਕਰਾਮੈਂਟੋ ਤੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਪ੍ਰਧਾਨ ਸਤੀਸ਼ ਰੱਲ੍ਹ ਨੇ ਵੀ ਵਿਸਾਖੀ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜਨਮ ਦਿਨ ਦੇ ਨਾਲ ਨਾਲ ਜਿਓਤੀਬਾ ਫੂਲੇ ਜੀ ਦੇ ਜਨਮ ਦਿਨ ਦੀਆਂ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਆਖਿਆ ਕਿ ਸਾਨੂੰ ਆਪਣੇ ਰਹਿਬਰਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਅਤੇ ਪਹਿਰਾ ਦੇਣ ਦੀ ਬਹੁਤ ਜ਼ਰੂਰਤ ਹੈ।

ਇਸ ਮੌਕੇ 12 ਮਈ ਨੂੰ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਵਿਚ ਅਸੈਂਬਲੀ ਹਾਲ ਵਿਖੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 636ਵੇਂ ਗੁਰਪੁਰਬ ਮਨਾਏ ਜਾਣ ਦੇ ਮੌਕੇ ਹੁੰਮ ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਗਈ। ਉਹਨਾਂ ਤੋਂ ਇਲਾਵਾ ਸਭਾ ਦੇ ਖਜਾਨਚੀ ਸ. ਮਹਿੰਦਰ ਸਿੰਘ ਧਾਮੀ ਨੇ ਪਹਿਲੀ ਵਾਰ ਸਟੇਜ ਤੋਂ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਦਿੰਦਿਆਂ ਆਖਿਆ ਕਿ ਬਾਬਾ ਸਾਹਿਬ ਜੀ ਦਾ ਪੂਰਾ ਜੀਵਨ ਭਾਰਤੀ ਸਮਾਜ ਲਈ ਸੰਘਰਸ਼ਮਈ ਸੀ। ਉਹਨਾਂ ਦੀ ਦੇਣ ਕਦੇ ਭੁਲਾਈ ਨਹੀਂ ਜਾ ਸਕਦੀ। ਸਾਨੂੰ ਲੋੜ ਹੈ ਉਹਨਾਂ ਦੇ ਦਰਸਾਏ ਮਾਰਗ ਉਤੇ ਚੱਲਣ ਦੀ। ਇਸ ਦੇ ਨਾਲ ਹੀ ਸੋਨੂੰ ਅੰਬੇਦਕਰ ਨੇ ਸਭਨਾਂ ਨੂੰ ਵਧਾਈਆਂ ਦਿੰਦਿਆਂ ਆਖਿਆ ਕਿ ਮੋਹਨ ਦਾਸ ਕਰਮ ਚੰਦ ਗਾਂਧੀ ਦੇ ਕਾਫੀ ਅੜਿੱਕੇ ਡਾਹੁਣ ਦੇ ਬਾਵਜੂਦ ਡਾ. ਅੰਬੇਦਕਰ ਨੇ ਦਲਿਤ ਵਰਗ ਨੂੰ ਮਨੁੱਖੀ ਹੱਕ ਲੈ ਕੇ ਬੜਾ ਵੱਡਾ ਪਰਉਪਕਾਰ ਕੀਤਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਪ੍ਰਧਾਨ ਤੇ ਸਕੱਤਰ ਕੇਵਲ ਕ੍ਰਿਸ਼ਨ ਬੋਲੀਨਾ ਅਤੇ ਰਾਜ ਕੁਮਾਰ ਸੂਦ ਨੇ ਵੀ ਬਾਬਾ ਸਾਹਿਬ ਜੀ ਦੇ ਜਨਮ ਦਿਨ 'ਤੇ ਵਧਾਈਆਂ ਦਿੰਦਿਆਂ ਕਿਹਾ ਕਿ ਅਸੀਂ ਬਾਬਾ ਸਾਹਿਬ ਜੀ ਦੀ ਦੇਣ ਨੂੰ ਕਦੇ ਭੁਲਾ ਨਹੀਂ ਸਕਦੇ। ਉਹ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਤੋਂ ਬਾਅਦ ਸਾਡੇ ਲਈ ਮਹਾਨ ਰਹਿਬਰ ਹਨ। ਉਹਨਾਂ ਦੀ ਸਮਾਜ ਅਤੇ ਦੇਸ਼ ਲਈ ਕੀਤੀਆਂ ਘਾਲਣਾਵਾਂ ਲਾਸਾਨੀ ਹਨ। ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਸਾਬਕਾ ਸਕੱਤਰ ਅਤੇ ਨੌਜਵਾਨ ਆਗੂ ਹੰਸ ਰਾਜ ਕਾਜਲਾ ਨੇ, ਜੋ ਆਪਣੇ ਵਿਚਾਰ ਦਿੱਤੇ, ਉਹ ਬੜੇ ਸਲਾਹੁਣਯੋਗ ਸਨ। ਉਹਨਾਂ ਬਾਬਾ ਨੂੰ ਪ੍ਰਣਾਮ ਕਰਦਿਆਂ ਸਮੂਹ ਸੰਗਤ ਨੂੰ ਬਾਬਾ ਸਾਹਿਬ ਜੀ ਦੇ 112ਵੇਂ ਜਨਮ ਦਿਨ ਦੀਆਂ ਹਾਰਦਿਕ ਵਧਾਈਆਂ ਦਿੰਦਿਆਂ ਆਖਿਆ ਕਿ ਮੌਜੂਦਾ ਸੰਗਤ ਦਾ ਇਕੱਠ ਕੋਈ ਨਵੀਂ ਗੱਲ ਜਾਂ ਹੈਰਾਨ ਕਰਨ ਵਾਲੀ ਨਹੀਂ ਕਿ ਇਹ ਕਿੰਨੀ ਗਿਣਤੀ ਵਿਚ ਹਾਜ਼ਰ ਹੈ, ਪਰ ਜੋ ਵੀ ਹੈ ਇਹ ਬਾਬਾ ਸਾਹਿਬ ਦੀ ਸੋਚ ਨੂੰ ਸਮਝਦੀ ਹੈ ਤੇ ਉਹਨਾਂ ਦੀ ਸਾਡੇ ਪ੍ਰਤੀ ਕੀਤੀ ਜੱਦੋਜਹਿਦ ਨੂੰ ਯਾਦ ਰੱਖਣ ਵਾਲੀ ਸੰਗਤ ਹੈ।

ਉਹਨਾਂ ਕਿਹਾ ਕਿ ਬਾਬਾ ਸਾਹਿਬ ਦਾ ਜੀਵਨ ਸੰਘਰਸ਼ਮਈ ਸੀ। ਜੇਕਰ ਉਹਨਾਂ ਦੇ ਪਰਿਵਾਰ ਵੱਲ ਨਜ਼ਰ ਮਾਰੀਏ ਤਾਂ ਉਹਨਾਂ ਦੇ ਚਾਰ ਸਪੁੱਤਰ ਦਵਾਈ ਖੁਣੋਂ ਮਰ ਗਏ ਤੇ ਉਹਨਾਂ ਦੀ ਪਹਿਲੀ ਜੀਵਨ ਸਾਥਣ ਇਕ ਚੰਗੇ ਇਲਾਜ ਦੀ ਘਾਟ ਦੇ ਕਾਰਨ ਪੂਰੇ ਹੋ ਗਏ। ਬਾਬਾ ਸਾਹਿਬ ਹਮੇਸ਼ਾ ਆਪਣੇ ਸਮਾਜ ਦੀ ਭਲਾਈ ਲਈ ਸੰਘਰਸ਼ ਕਰਦੇ ਰਹੇ। ਘਰ ਦਾ ਖਿਆਲ ਤਾਂ ਉਹਨਾਂ ਦੀ ਧਰਮ ਪਤਨੀ ਹੀ ਕਰਦੀ ਸੀ ਪਰ ਉਹ ਮਹਾਨ ਸੀ, ਜਿਸਨੇ ਆਪਣੇ ਪਤੀ ਨੂੰ ਆਪਣਾ ਤੇ ਆਪਣੇ ਬੱਚਿਆਂ ਦਾ ਦੁੱਖ ਇਸ ਲਈ ਨਹੀਂ ਦੱਸਿਆ ਕਿ ਉਹਨਾਂ ਨੂੰ ਸਮੂਹ ਸਮਾਜ ਪਰਿਵਾਰ ਦੀ ਭਲਾਈ ਵਿਚ ਕੋਈ ਵਿਘਨ ਨਾ ਪਵੇ। ਆਪਣੀ ਪਿਆਰੀ ਧਰਮ ਪਤਨੀ ਦੇ ਅਕਾਲ ਚਲਾਣੇ ਤੇ ਬਾਬਾ ਸਾਹਿਬ ਬਹੁਤ ਰੋਏ ਤੇ ਕਈ ਦਿਨ ਆਪਣੇ ਆਪ ਨੂੰ ਸੰਭਾਲ ਨਾ ਸਕੇ।

ਉਹਨਾਂ ਅੱਗੇ ਕਿਹਾ ਕਿ ਇਹੋ ਜਿਹੇ ਮਹਾਨ ਇਨਸਾਨ ਦੁਨੀਆਂ ਵਿਚ ਵਾਰ-ਵਾਰ ਨਹੀਂ ਆਉਂਦੇ। ਜੇਕਰ ਸਾਡੇ ਸਮਾਜ ਵਿਚ ਉਹਨਾਂ ਤੋਂ ਬਾਅਦ ਕੋਈ ਆਇਆ ਤਾਂ ਉਹ ਸੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜਿਹਨਾਂ ਉਹਨਾਂ ਦੇ ਅਧੂਰੇ ਕਾਰਵਾਂ ਨੂੰ ਅੱਗੇ ਤੋਰਦਿਆਂ ਬਾਬਾ ਸਾਹਿਬ ਜੀ ਦਾ ਮਿਸ਼ਨ ਭਾਰਤ ਦੇ ਹਰ ਘਰ ਵਿਚ ਕੀ ਵਿਦੇਸ਼ਾਂ ਵਿਚ ਵੀ ਪਹੁੰਚਾ ਦਿੱਤਾ।

ਸ੍ਰੀ ਕਾਜ਼ਲਾ ਨੇ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਅਸੈਂਬਲੀ ਹਾਲ ਵਿਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ 636ਵੇਂ ਪ੍ਰਕਾਸ਼ ਦਿਹਾੜੇ ਮੌਕੇ 12 ਮਈ ਨੂੰ ਹੁੰਮ ਹੁੰਮਾ ਕੇ ਪਹੁੰਚਣ ਲਈ ਸਭ ਨੂੰ ਬੇਨਤੀ ਕਰਦਿਆਂ ਕਿਹ ਕਿ ਇਹ ਸਮੂਹ ਸਮਾਜ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਮਰੀਕਾ ਦੇ ਇਤਿਹਾਸ ਅੰਦਰ ਇਹ ਪਹਿਲਾ ਮੌਕਾ ਹੋਵੇਗਾ, ਜਦੋਂ ਅਸੀਂ 12 ਮਈ ਨੂੰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 636ਵਾਂ ਗੁਰਪੁਰਬ ਦਿਹਾੜਾ ਮਨਾ ਰਹੇ ਹੋਵਾਂਗੇ। ਇਸ ਦੇ ਨਾਲ ਹੀ ਉਹਨਾਂ ਸਮਾਜ ਨੂੰ ਆਪਣੀ ਪਹਿਚਾਣ ਬਣਾਉਣ ਲਈ ਵੀ ਸੱਦਾ ਦਿੱਤਾ।

ਅੱਜ ਦੇ ਇਸ ਵਿਸ਼ੇਸ਼ ਮੌਕੇ "ਅੰਬੇਦਕਰ ਟਾਈਮਜ਼' ਅਤੇ "ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਤਸਵੀਰ ਨੂੰ ਪ੍ਰਣਾਮ ਕਰਦਿਆਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜ ਬੈਠੀ ਸੰਗਤ ਨੂੰ ਵਿਸਾਖੀ ਪੁਰਬ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ 112ਵੇਂ ਜਨਮ ਦਿਨ ਦੀਆਂ ਮੁਬਾਰਕਾਂ ਦੇ ਨਾਲ ਨਾਲ ਅਪ੍ਰੈਲ ਮਹੀਨੇ ਦੀ ਮਹੱਤਤਾ ਅਤੇ ਜਯੋਤੀਬਾ ਫੂਲੇ ਅਤੇ ਗਿਆਨੀ ਦਿੱਤ ਸਿੰਘ ਜੀ ਦੇ ਜਨਮ ਦਿਨ ਦੀਆਂ ਵਧਾਈਆਂ ਵੀ ਸਾਂਝੀਆਂ ਕੀਤੀਆਂ।

ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਦਕਰ 1913 ਵਿਚ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਨ ਆਏ ਸਨ ਤੇ ਹੁਣ 2013 ਵਰ੍ਹਾ ਹੈ ਜੋ ਡਾਕਟਰ ਅੰਬੇਦਕਰ ਜੀ ਦਾ ਭਾਰਤ ਤੋਂ ਬਾਹਰ ਪੜ੍ਹਨ ਆਉਣਾ ਸ਼ਤਾਬਦੀ ਵਰ੍ਹਾ ਹੈ।

ਇਸ ਸਾਲ ਬਾਬਾ ਸਾਹਿਬ ਨੂੰ ਇਸ ਕਰਕੇ ਵੀ ਵਧੇਰੇ ਯਾਦ ਕੀਤਾ ਜਾ ਰਿਹਾ ਹੈ ਕਿ ਉਹਨਾਂ ਉੱਚ ਵਿਦਿਆ ਹਾਸਲ ਕਰਕੇ ਜਿੱਥੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ, ਉਥੇ ਸਮੂਹ ਭਾਰਤ ਵਾਸੀਆਂ ਨੂੰ ਲੋਕਤੰਤਰ ਦੀਆਂ ਲੀਹਾਂ 'ਤੇ ਤੋਰਿਆ। ਇਹੀ ਵਜ੍ਹਾ ਹੈ ਕਿ ਅੱਜ ਉਹਨਾਂ ਨੂੰ ਭਾਰਤ ਅਤੇ ਭਾਰਤ ਤੋਂ ਬਾਹਰ ਬੜੇ ਮਾਣ-ਸਨਮਾਨ ਨਾਲ ਯਾਦ ਕੀਤਾ ਜਾ ਰਿਹਾ ਹੈ। ਉਹਨਾਂ ਦੇ ਕੰਮ ਤੇ ਉਹਨਾਂ ਦੀਆਂ ਲਿਖਤਾਂ ਅੱਜ ਭਾਰਤੀ ਲੋਕਾਂ ਦੀਆਂ ਆਦਰਸ਼ ਬਣਦੀਆਂ ਜਾ ਰਹੀਆਂ ਹਨ।

ਅਖੀਰ ਸ੍ਰੀ ਚੁੰਬਰ ਨੇ ਭਾਰਤ ਦੇ ਮਹਾਨ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ, ਜਿਹਨਾਂ ਦੀ 22 ਅਪ੍ਰੈਲ ਨੂੰ ਬਰਸੀ ਹੈ, ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਪੰਜਾਬ ਅੰਦਰ ਉਹਨਾਂ ਦੀ ਲਿਆਂਦੀ ਜਾਗਰਤੀ ਬੇਮਿਸਾਲ ਹੈ। ਇਹੀ ਕਾਰਨ ਹੈ ਕਿ ਪੰਜਾਬ ਖਾਸ ਕਰਕੇ ਦੁਆਬੇ ਦੇ ਦਲਿਤ ਲੋਕ ਅੱਜ ਦੁਨੀਆਂ ਦੇ ਹਰ ਕੋਨੇ ਵਿਚ ਮੌਜੂਦ ਹਨ।

ਅੱਜ ਦੇ ਸਮਾਗਮ ਦਾ ਸੰਚਾਲਨ ਬਹੁਤ ਹੀ ਚੰਗੇ ਅਤੇ ਸੁਲਝੇ ਤਰੀਕੇ ਨਾਲ ਸ੍ਰੀ ਰਮੇਸ਼ ਬੰਗੜ ਜੀ ਨੇ ਕੀਤਾ। ਅੱਜ ਦੀ ਵਿਸ਼ੇਸ਼ਤਾ ਇਹ ਰਹੀ ਕਿ ਉਹਨਾਂ ਕਿਸੇ ਨੂੰ ਵੀ ਸਮਾਂ ਸੀਮਾਬੰਦ ਨਹੀਂ ਕੀਤਾ, ਸਭ ਨੂੰ ਖੁੱਲ੍ਹਾ ਟਾਈਮ ਬੋਲਣ ਲਈ ਦਿੱਤਾ ਅਤੇ ਖੁਦ ਵੀ ਬਾਬਾ ਸਾਹਿਬ ਜੀ ਦੇ ਜਨਮ ਦਿਨ ਤੇ ਵਿਸਾਖੀ ਪੁਰਬ ਅਤੇ ਖਾਲਸਾ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ।

ਇਸ ਤੋਂ ਇਲਾਵਾ ਜੋ ਸ੍ਰੀ ਰਮੇਸ਼ ਬੰਗੜ ਜੀ ਨੇ ਮੀਡੀਏ ਪ੍ਰਤੀ ਕਹੀ ਕਿ "ਅੰਬੇਦਕਰ ਟਾਈਮਜ਼'' ਅਤੇ "ਦੇਸ਼ ਦੁਆਬਾ'' ਸਾਡੇ ਆਪਣੇ, ਸਾਡੇ ਸਮਾਜ ਦੇ ਪੇਪਰ ਹਨ, ਉਸ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਇਕੋ ਇਕ ਸਾਡੇ ਕੌਮ ਦੇ ਹੀਰੇ, ਜਿਹਨਾਂ ਨੇ ਬਾਬਾ ਸਾਹਿਬ ਦੇ ਨਾਂ ਉਤੇ ਅਖ਼ਬਾਰ ਚਲਾਇਆ।

ਸ੍ਰੀ ਚੁੰਬਰ ਇਕ ਕੌਮ ਦੇ ਸਿਪਾਹੀ ਵਜੋਂ ਤਨ, ਮਨ ਅਤੇ ਧਨ ਨਾਲ ਸੰਘਰਸ਼ ਕਰ ਰਿਹਾ ਹੈ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਹਨਾਂ ਦੇ ਨਾਲ ਖੜ੍ਹੀਏ। ਇਹ ਸਾਡਾ ਪੇਪਰ, ਸਾਡਾ ਸਪੋਕਸਮੈਨ, ਸਾਡੀ ਆਵਾਜ਼ ਹੈ। ਇਸ ਪੇਪਰ ਦੀ ਮਦਦ ਕਰੀਏ। ਕਿਉਂਕਿ ਮੀਡੀਆ ਕੌਮ ਦੀ ਆਵਾਜ਼ ਬੁਲੰਦ ਕਰਦਾ ਹੈ ਤੇ ਕੌਮਾਂ ਮੀਡੀਏ ਦੇ ਸਹਿਯੋਗ ਨਾਲ ਅੱਗੇ ਵਧਦੀਆਂ ਹਨ।

ਆਪ ਸਭ ਵੱਧ ਤੋਂ ਵੱਧ ਇਸ਼ਤਿਹਾਰ ਦੇ ਕੇ ਯੋਗਦਾਨ ਪਾਈਏ। ਉਹਨਾਂ ਇਹ ਵੀ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਆਪਣੀ ਮੀਟਿੰਗ ਵਿਚ ਲੱਗਭੱਗ ਇਹ ਤਹਿ ਕਰ ਲਿਆ ਕਿ ਇਸ ਪੇਪਰ ਦੀ ਸਦਾ ਲਈ ਸਪੋਰਟ ਕਰੀਏ।

**ਜਨਮ ਦਿਨ ਤੇ ਵਿਸੇਸ**

# ਵਰਤਮਾਨ ਸਮੱਸਿਆਵਾਂ ਦਾ ਸਮਾਧਾਨ ਗਿਆਨੀ ਦਿੱਤ ਸਿੰਘ ਜੀ

**ਡਾ. ਇੰਦਰਜੀਤ ਸਿੰਘ ਗੋਗੋਆਣੀ**
**ਖਾਲਸਾ ਕਾਲਜ ਅੰਮ੍ਰਿਤਸਰ**



ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ। ਇੱਕ ਸਦੀ ਤੋਂ ਉਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾ ਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ ਕਿਕੁਰ ਡੁੱਬਦਾ ਜਾਂਦਾ ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ
ਆਪਨੇ ਪੀਰ ਬਣਾਂਦਾ। ਇੱਧਰ ਗੁਰਾਂ ਦੇ ਨਾਂ ਉੱਤੇ ਜਿਊਂਦੇ ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20

ਕਿਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,
ਅਨਮਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ,
ਕਿਉਂ ਹੋ ਕਾਰਜ ਰਾਸ?
ਗੁਰੂ ਗ੍ਰੰਥ ਕੁਛ ਕਹਤ ਹੈ,
ਯਹ ਕਰਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ,
ਕਿਉਂ ਪਾਵੇ ਗੁਰ ਠੌਰ।
ਕਹਨੀ ਸੂਰਤ ਸਿੰਘ ਕੀ,
ਰਹਨੀ ਗੀਦੜ ਦੇਖ।
ਗੁਰ ਆਗਯਾ ਕਰ ਭੰਗ ਇਨ,
ਹਰ ਲੀਨੇ ਨਿਜ ਲੇਖ।
ਗੁਰੂ ਬਨਾਏ ਔਰ ਥੇ,
ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ,
ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ
ਹੀ ਤਸਵੀਰ ਪੇਸ਼ ਕੀਤੀ ਹੈ, ਜਿਸ ਤੇ



ਜਿਸ ਨੇ ਜੋ ਕਹਾ,
ਮਾਨ ਗਏ ਮਤ ਹੀਨ।
ਤਿਸ ਹੀ ਪਰ ਦ੍ਰਿੜ ਹੋ ਗਏ,
ਜਾਣਹਿ ਤੱਤ ਕਬੀਨ।
ਇਸੀ ਵਾਸਤੇ ਦੇਸ ਇਹ,
ਗਿਆ ਅਧੋਗਤਿ ਮਾਹਿ।
ਅਪਨੀ ਬੁੱਧੀ ਰਹੀ ਜਦ,
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗ਼ੈਰ ਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ:

ਸਾਰਾ ਜਗਤ ਖ਼ੁਸ਼ੀ ਹੈ ਵੱਸਦਾ।
ਆਪਣੇ ਰੰਗਾਂ ਅੰਦਰ ਰੱਸਦਾ।
ਪਰ ਨਾ ਕਿਸੇ ਪਕੜਦਾ ਮੀਆਂ।
ਸੁੱਖ ਤੇ ਵੱਸਣ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ।
ਤੁਰਤ ਪੀਰ ਨੇ ਪਕੜੇ ਆਇ।
ਫਿਰਨ ਮਰਦ ਪਕੜੀਆਂ ਨਾਰਾਂ।
ਕਰਦਾ ਮਨ ਭਾਵੰਦੀ ਮਾਰਾਂ।
ਨਹੀਂ ਇਹਨਾਂ ਨੂੰ ਛੱਡੇ ਉਹ।
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,
ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮੈਂ ਹੋਤ ਹੈ,
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣਏ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨਰੀਠੇ ਮੀਠੇ ਬੇਰ ਸਮ,
ਦੇਖਣ ਕੋ ਮਿਲ ਜਾਤ।
ਤਿਉਂ ਦੁਰਜਨ ਸਮ ਸੁਜਨ ਕੇ,
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਨਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ ਇਸ ਅਗਯਾਨ ਨਚਾਇਆ,
ਇਹ ਸਾਰਾ ਸੰਸਾਰ।
ਵੱਡੇ-ਵੱਡੇ ਪੰਡਤ ਕਰੇ,
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ-ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ।

ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ-
ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ

ਜੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,
ਜੋ ਇਨ ਮਹਿ ਕਛੁ ਹੋਇ।
ਹਜਰਤ ਹ੍ਵੈ ਆਪਹਿ ਰਵਹਿ,
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ ਕਿਆ ਗੁਰ ਤੇ ਇਹ ਜੋਰਾਵਰ ਹੈ।
ਮੜ੍ਹੀਆਂ ਦੇ ਵਿਚ ਜਿਸ ਦਾ ਘਰ ਹੈ।

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ-
ਦਸਮੇ ਗੁਰ ਦੀ ਓਟ ਲੈ, ਤੇਗ ਗਿਆਨ ਦੀ ਕੱਢ। ਇਸ ਮੀਏਂ ਸੁਲਤਾਨ ਦਾ, ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ) ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ।

ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿੱਚ ਇਉਂ ਸਮਝਾਉਂਦੇ ਹਨ ਪਰ ਤੂੰ ਦੇਖੀਂ ਵਾਂਗ ਗਵਾਰਾਂ,
ਧੋਖਾ ਨਾ ਖਾ ਜਾਈਂ।
ਲੱਡੂ ਪੇੜੇ ਛੱਡ ਪਿਛਾਹਾਂ,
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ
ਜੋ ਕਰਕੇ ਵਿਸ਼ਵਾਸ।
ਹਾਨ ਲਾਭ ਅਪਨੀ ਚਹੇ,
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ ਅੰਮ੍ਰਿਤ ਛਕ ਕੇ
ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।
ਪੀਰਾਂ-ਮੀਰਾਂ ਅੱਗੇ ਮੂੜ ਕੇ,
ਕਦੇ ਨਾ ਸੀਸ ਝੁਕਾਵੋ।
ਵਾਹਿਗੁਰੂ ਦੀ ਫ਼ਤੇ ਬੁਲਾ ਕੇ,
ਮੜ੍ਹੀ ਮਸਾਣ ਉਠਾਓ।
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,
ਬਾਣੀ ਮੈ ਮਨ ਲਾਓ।

------------

# ਪਾਕਿਸਤਾਨ ਦੇ ਹਰ ਤਾਨਾਸ਼ਾਹ ਦਾ ਹੋਇਆ ਦੁਖਦਾਈ ਅੰਤ

ਕੁਦਰਤ ਆਪਣੇ ਅਸੂਲ ਕਦੇ ਨਹੀਂ ਬਦਲਦੀ। ਜਿਹੜਾ ਜਿਵੇਂ ਕਰਦਾ ਹੈ, ਉਵੇਂ ਹੀ ਭਰਦਾ ਹੈ। ਪਾਕਿਸਤਾਨ ਦੇ ਸਾਬਕਾ ਫ਼ੌਜੀ ਹੁਕਮਰਾਨ ਪ੍ਰਵੇਜ਼ ਮੁਸ਼ੱਰਫ਼ ਦੀ ਤਾਜ਼ਾ ਮਿਸਾਲ ਸਾਹਮਣੇ ਹੈ ਪਰ ਉਸ ਤੋਂ ਪਹਿਲਾਂ ਜਿੰਨੇ ਵੀ ਫ਼ੌਜੀ ਤਾਨਾਸ਼ਾਹ ਹੋਏ, ਉਨ੍ਹਾਂ ਸਭ ਦਾ ਹਸ਼ਰ ਇਕੋ ਜਿਹਾ ਹੀ ਹੋਇਆ ਹੈ। ਅੰਤ ਸਭਨਾਂ ਦਾ ਬਹੁਤ ਹੀ ਤਰਸਯੋਗ ਹਾਲਤ 'ਚ ਹੋਇਆ, ਸਿਰਫ਼ ਇਕ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਦੇਸ਼ ਨਿਕਾਲਾ ਮਿਲਿਆ। ਪ੍ਰਵੇਜ਼ ਮੁਸ਼ੱਰਫ਼ ਹੀ ਇਤਿਹਾਸ 'ਚ ਪਹਿਲਾ ਅਜਿਹਾ ਫ਼ੌਜੀ ਤਾਨਾਸ਼ਾਹ ਹੈ, ਜਿਹੜਾ ਵੱਖਰੇ ਹਾਲਾਤ 'ਚ ਗ੍ਰਿਫ਼ਤਾਰ ਹੋਇਆ ਹੈ। ਉਸ ਦਾ ਕੀ ਹਸ਼ਰ ਹੁੰਦਾ ਹੈ, ਇਹ ਸਮਾਂ ਹੀ ਦੱਸੇਗਾ।

ਬਦਕਿਸਮਤੀ ਨਾਲ ਪਾਕਿਸਤਾਨ ਦਾ ਇਤਿਹਾਸ ਜਨਮ ਤੋਂ ਹੀ ਖ਼ੂਨ ਨਾਲ ਲਿਬੜਿਆ ਰਿਹਾ ਹੈ। ਪਹਿਲੇ ਪ੍ਰਧਾਨ ਮੰਤਰੀ ਲਿਆਕਤ ਅਲੀ ਦੇ ਕਤਲ ਤੋਂ ਸ਼ੁਰੂ ਹੋ ਕੇ ਬੇਨਜ਼ੀਰ ਭੁੱਟੋ ਦੇ ਕਤਲ ਤਕ ਕਿੰਨੇ ਹੀ ਆਗੂ ਮੌਤ ਦੇ ਘਾਟ ਉਤਾਰ ਦਿੱਤੇ ਗਏ। ਜ਼ੁਲਿਫ਼ਕਾਰ ਅਲੀ ਭੁੱਟੋ ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ, ਕਿਸੇ ਹੋਰ ਆਗੂ ਦੇ ਕਤਲ ਦੇ ਇਲਜ਼ਾਮ 'ਚ। ਹੁਣ ਖ਼ੁਦ ਪ੍ਰਵੇਜ਼ ਮੁਸ਼ੱਰਫ਼ ਉਤੇ ਇਲਜ਼ਾਮ ਹੈ ਬੇਨਜ਼ੀਰ ਭੁੱਟੋ ਅਤੇ ਬਲੋਚ ਆਗੂ ਅਕਬਰ ਬੁਗਤੀ ਦੇ ਕਤਲ ਦਾ।

**ਧੋਖਾ, ਦਗ਼ਾਬਾਜ਼ੀ, ਬੇਵਫ਼ਾਈ**

ਉਂਞ ਤਾਂ ਤਾਨਾਸ਼ਾਹੀ ਖ਼ੁਦ ਆਪਣੇ-ਆਪ 'ਚ ਪੈਦਾਵਾਰ ਹੈ ਗਲਤ ਸੋਚ, ਨਾਂਹ-ਪੱਖੀ ਅਤੇ ਪਾਪੀ, ਕਪਟੀ, ਮਨੋਸਥਿਤੀ ਦੀ ਪਰ ਇਸ ਗੱਲ ਦੀ ਹੈਰਾਨੀ ਹੈ ਕਿ ਆਪਣੀ ਚਲਾਕੀ ਦੀ ਅਮਲ ਦਰਾਮਦ ਕਰਨ 'ਚ ਪਾਕਿਸਤਾਨ ਦੇ ਹਰ ਤਾਨਾਸ਼ਾਹ ਦਾ ਢੰਗ ਇਕੋ ਜਿਹਾ ਹੀ ਸੀ। ਧੋਖਾ, ਦਗ਼ਾਬਾਜ਼ੀ, ਬੇਵਫ਼ਾਈ ਉਨ੍ਹਾਂ ਸਾਰਿਆਂ ਦੇ ਖ਼ਾਸੇ 'ਤੇ ਹਾਵੀ ਸੀ, ਜਿਸ ਨੇ ਉਨ੍ਹਾਂ ਨੂੰ ਬਣਾਇਆ, ਉਸੇ ਦੇ ਪਿੱਠ 'ਚ ਛੁਰਾ ਮਾਰਿਆ। ਇਸ ਭੈੜੀ ਰਵਾਇਤ ਦੀ ਬੁਨਿਆਦ ਰੱਖੀ ਜਨਰਲ ਸਿਕੰਦਰ ਮਿਰਜ਼ਾ ਨੇ, ਜਿਸ ਨੇ ਅਕਤੂਬਰ 1958 'ਚ ਪ੍ਰਧਾਨ ਮੰਤਰੀ ਫਿਰੋਜ਼ ਖ਼ਾਨ ਨੂਨ ਨੂੰ ਗੱਦੀ ਤੋਂ ਲਾਹ ਮਾਰਿਆ ਅਤੇ ਦੇਸ਼ ਭਰ 'ਚ ਮਾਰਸ਼ਲ ਲਾਅ ਲਾਗੂ ਕਰਕੇ ਸੱਤਾ ਖ਼ੁਦ ਸੰਭਾਲ ਲਈ। ਸਿਕੰਦਰ ਮਿਰਜ਼ਾ ਇਕ ਰਿਟਾਇਰਡ ਮੇਜਰ ਜਨਰਲ ਸੀ ਅਤੇ ਉਸ ਸਮੇਂ ਪਾਕਿਸਤਾਨ ਦਾ ਰਾਸ਼ਟਰਪਤੀ ਸੀ। ਨੂਨ ਨੇ ਹੀ ਉਸ ਨੂੰ ਅਹੁਦੇ 'ਤੇ ਬਿਠਾਇਆ ਸੀ।



ਪਾਕਿਸਤਾਨ ਦੀ ਗਰਦਨ ਸ਼ੁਰੂ ਤੋਂ ਹੀ ਫ਼ੌਜ ਦੇ ਸ਼ਿਕੰਜੇ 'ਚ ਰਹੀ ਹੈ। ਵਿਚ-ਵਿਚਾਲੇ ਕੁਝ ਅਜਿਹੇ ਮੌਕੇ ਜ਼ਰੂਰ ਆਏ ਹਨ, ਜਦੋਂ ਜਨਤਾ ਵਲੋਂ ਚੁਣੇ ਹੋਏ ਨੁਮਾਇੰਦਿਆਂ ਨੇ ਜਮਹੂਰੀ ਸਰਕਾਰਾਂ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਪਰ ਫ਼ੌਜੀ ਜਰਨੈਲਾਂ ਨੇ ਹਮੇਸ਼ਾ ਉਨ੍ਹਾਂ ਦਾ ਤਖ਼ਤਾ ਪਲਟ ਦਿੱਤਾ ਅਤੇ ਤਾਕਤਆਪਣੇ ਹੱਥ 'ਚ ਹੀ ਰੱਖੀ।

ਅਯੂਬ ਨੇ ਮਾਰਿਆ ਸਿਕੰਦਰ ਖ਼ਾਨ ਨੂੰ ਥੱਪੜ ਸਿਕੰਦਰ ਮਿਰਜ਼ਾ ਰਾਸ਼ਟਰਪਤੀ ਤਾਂ ਸੀ ਹੀ, ਫ਼ੌਜ 'ਤੇ ਵੀ ਆਪਣਾ ਗ਼ਲਬਾ ਬਣਾਈ ਰੱਖਣ ਲਈ ਉਸ ਨੇ ਆਪਣੇ ਇਕ ਨੇੜਲੇ ਸਾਥੀ ਅਯੂਬ ਖ਼ਾਨ ਨੂੰ ਕਮਾਂਡਰ-ਇਨ-ਚੀਫ਼ ਨਿਯੁਕਤ ਕਰ ਦਿੱਤਾ। ਅਜੇ 2 ਹਫ਼ਤੇ ਹੀ ਹੋਏ ਸਨ ਕਿ ਦੋਵੇਂ ਟਕਰਾਅ 'ਚ ਆ ਗਏ। ਨੌਬਤ ਇਥੋਂ ਤਕ ਆ ਪਹੁੰਚੀ ਕਿ ਇਕ ਰਾਤ ਅਯੂਬ ਖ਼ਾਨ ਨੇ ਸਿਕੰਦਰ ਮਿਰਜ਼ਾ ਦੇ ਮੂੰਹ 'ਤੇ ਜ਼ੋਰ ਨਾਲ ਥੱਪੜ ਮਾਰਿਆ ਅਤੇ ਇਸ ਤੋਂ ਬਾਅਦ ਕੁਝ ਹੀ ਪਲਾਂ ਦੇ ਅੰਦਰ ਉਸ ਦਾ ਬੋਰੀਆ-ਬਿਸਤਰਾ ਬੰਨ੍ਹ ਕੇ ਲੰਡਨ ਦੀ ਫਲਾਈਟ ਬਿਠਾ ਦਿੱਤਾ। ਇਸ ਤਰ੍ਹਾਂ ਦੇਸ਼ ਨਿਕਾਲੇ ਤੋਂ ਬਾਅਦ ਸਿਕੰਦਰ ਮਿਰਜ਼ਾ ਫਿਰ ਕਦੇ ਪਾਕਿਸਤਾਨ ਵਾਪਿਸ ਨਹੀਂ ਆ ਸਕਿਆ। ਲੰਡਨ 'ਚ ਉਸ ਦੇ ਆਖਰੀ ਦਿਨ ਬਹੁਤ ਹੀ ਮੁਸ਼ਕਿਲ 'ਚ ਬੀਤੇ। ਕਹਿੰਦੇ ਹਨ ਕਿ ਕਿਸੇ ਰੈਸਟੋਰੈਂਟ 'ਚ ਪਲੇਟਾਂ ਸਾਫ਼ ਕਰਕੇ ਗੁਜ਼ਾਰਾ ਕੀਤਾ। ਨੇਤਾਵਾਂ ਨੂੰ ਦੇਸ਼ ਨਿਕਾਲਾ ਦੇਣ ਦਾ ਇਹ ਸਿਲਸਿਲਾ ਅਜਿਹਾ ਸ਼ੁਰੂ ਹੋਇਆ ਕਿ ਉਸ ਤੋਂ ਬਾਅਦ ਸੱਤਾ 'ਚ ਆਉਣ ਵਾਲੇ ਪਾਕਿਸਤਾਨੀ ਸ਼ਾਸਕਾਂ ਨੇ ਇਸ ਨੂੰ ਪ੍ਰੰਪਰਾ ਹੀ ਬਣਾ ਦਿੱਤਾ। ਜ਼ੁਲਿਫ਼ਕਾਰ ਅਲੀ ਭੁੱਟੋ, ਨਵਾਜ਼ ਸ਼ਰੀਫ਼, ਬੇਨਜ਼ੀਰ ਭੁੱਟੋ ਅਤੇ ਖ਼ੁਦ ਪ੍ਰਵੇਜ਼ ਮੁਸ਼ੱਰਫ਼ ਦੇਸ਼ ਨਿਕਾਲੇ 'ਤੇ ਰਹੇ। ਇਸੇ ਅਯੂਬ ਖ਼ਾਨ ਨੇ ਬਾਅਦ 'ਚ 1965 ਵਿਚ ਅਮਰੀਕਾ ਤੋਂ ਹਾਸਿਲ ਕੀਤੇ ਹੋਏ ਪੈਟਨ ਟੈਂਕਾਂ ਅਤੇ ਭਾਰੀ ਫ਼ੌਜ ਦੇ ਨਾਲ ਛੰਬ-ਜੋੜੀਆਂ ਵਿਚ ਜ਼ਬਰਦਸਤ ਹਮਲਾ ਕਰ ਦਿੱਤਾ ਤਾਂ ਕਿ ਕਸ਼ਮੀਰ ਜਾਣ ਵਾਲੇ ਰਸਤਿਆਂ 'ਤੇ ਕਬਜ਼ਾ ਕਰਕੇ ਕਸ਼ਮੀਰ ਨੂੰ ਬਾਕੀ ਭਾਰਤ ਤੋਂ ਕੱਟ ਦਿੱਤਾ ਜਾਵੇ ਤੇ ਇਸ ਤਰ੍ਹਾਂ ਵਾਦੀ 'ਤੇ ਕਬਜ਼ਾ ਕੀਤਾ ਜਾਵੇ ਪਰ ਭਾਰਤ ਦੀ ਬਹਾਦਰ ਫ਼ੌਜ ਨੇ ਇਸ ਹਮਲੇ ਦਾ ਮੂੰਹ-ਤੋੜ ਜਵਾਬ ਦਿੱਤਾ। ਅਯੂਬ ਨੇ ਜਿੰਨੇ ਟੈਂਕ ਭੇਜੇ ਸਨ, ਉਹ ਸਾਰੇ 65 ਦੇ 65 ਭਾਰਤੀ ਫ਼ੌਜ ਨੇ ਤਬਾਹ ਕਰ ਦਿੱਤੇ। ਜੰਗਬੰਦੀ ਦੇ ਲਈ ਰੂਸ ਨੇ ਦਖ਼ਲ ਦਿੱਤਾ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦੁਰ ਸ਼ਾਸਤਰੀ ਅਤੇ ਅਯੂਬ ਖ਼ਾਨ ਨੂੰ ਗੱਲਬਾਤ ਲਈ ਤਾਸ਼ਕੰਦ ਸੱਦਿਆ। ਭਾਰਤ ਨੇ ਜੰਗ 'ਚ ਤਾਂ ਅਯੂਬ ਨੂੰ ਜ਼ਬਰਦਸਤ ਹਾਰ ਦਿੱਤੀ ਪਰ ਸਮਝੌਤਾ ਵਾਰਤਾ ਲਈ ਤਾਸ਼ਕੰਦ ਗਏ ਆਪਣੇ ਮਹਾਨ ਬਹਾਦਰ ਸਪੂਤ ਸ਼ਾਸਤਰੀ ਜੀ ਨੂੰ ਗੁਆ ਦਿੱਤਾ। ਉਥੇ ਉਨ੍ਹਾਂ ਦੀ ਮੌਤ ਹੋ ਗਈ।

ਭਾਰਤ ਨੂੰ ਮਾਤ ਅਯੂਬ ਲੋਕਪ੍ਰਿਯ ਤਾਂ ਕਦੇ ਨਹੀਂ ਸੀ ਪਰ ਜੰਗ 'ਚ ਭਾਰਤ ਤੋਂ ਮਾਰ ਖਾਣ ਤੋਂ ਬਾਅਦ ਪਾਕਿਸਤਾਨ 'ਚ ਉਸ ਦੇ ਵਿਰੁੱਧ ਰੋਸ ਵਧਣ ਲੱਗਾ। ਜ਼ੁਲਿਫ਼ਕਾਰ ਅਲੀ ਭੁੱਟੋ ਰਾਜਸੀ ਤੌਰ 'ਤੇ ਲੋਕਪ੍ਰਿਯ ਆਗੂ ਵਜੋਂ ਉੱਭਰਨ ਲੱਗਾ ਸੀ। ਉਸ ਸਮੇਂ ਉਹ ਅਯੂਬ ਦੀ ਵਜ਼ਾਰਤ 'ਚ ਮੰਤਰੀ ਸੀ। ਦੇਸ਼ ਭਰ 'ਚ ਉਸ ਨੇ ਅਯੂਬ ਦੇ ਵਿਰੁੱਧ ਮੁਜ਼ਾਹਰਿਆਂ ਦਾ ਜ਼ੋਰਦਾਰ ਆਯੋਜਨ ਕੀਤਾ। ਮਾਹੌਲ ਇੰਨਾ ਭਖ ਗਿਆ ਕਿ ਅਯੂਬ ਨੂੰ 1969 ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ ਅਤੇ ਉਸ ਨੇ ਜਨਰਲ ਯਾਹੀਆ ਖ਼ਾਨ ਨੂੰ ਫ਼ੌਜ ਦਾ ਮੁਖੀ ਨਿਯੁਕਤ ਕਰ ਦਿੱਤਾ। 1974 'ਚ ਬੀਮਾਰੀ ਦੀ ਵਜ੍ਹਾ ਨਾਲ ਉਸ ਦੀ ਮੌਤ ਹੋ ਗਈ। ਪਾਕਿਸਤਾਨ 'ਚ ਸਭ ਤੋਂ ਪਹਿਲਾਂ ਜਮਹੂਰੀਅਤ ਦਾ ਗਲਾ ਘੁੱਟਣ ਦਾ ਕੰਮ ਅਯੂਬ ਨੇ ਕੀਤਾ ਤੇ ਉਸ ਮਗਰੋਂ ਜਿਹੜਾ ਵੀ ਫ਼ੌਜੀ ਜਰਨੈਲ ਆਇਆ, ਉਹ ਉਸ ਦੇ ਨਕਸ਼ੇ-ਕਦਮਾਂ 'ਤੇ ਚੱਲਿਆ। ਜਨਰਲ ਯਾਹੀਆ ਖ਼ਾਨ 1969 'ਚ ਪਾਕਿਸਤਾਨ ਦਾ ਤੀਜਾ ਫ਼ੌਜੀ ਤਾਨਾਸ਼ਾਹ ਅਤੇ ਰਾਸ਼ਟਰਪਤੀ ਬਣਿਆ। ਆਉਂਦਿਆਂ ਹੀ ਉਸ ਨੇ ਸ਼ਹਿਰੀ ਅਧਿਕਾਰ ਖਤਮ ਕਰਨੇ ਸ਼ੁਰੂ ਕਰ ਦਿੱਤੇ ਅਤੇ ਹਰ ਜਗ੍ਹਾ ਫ਼ੌਜ ਦਾ ਦਖ਼ਲ ਅਤੇ ਵਧੀਕੀਆਂ ਸ਼ੁਰੂ ਕਰ ਦਿੱਤੀਆਂ। 1970 ਵਿਚ ਹੋਈਆਂ ਚੋਣਾਂ 'ਚ ਬੰਗਾਲੀ ਆਗੂ ਸ਼ੇਖ ਮੁਜੀਬ-ਉਰ-ਰਹਿਮਾਨ ਦੀ ਪਾਰਟੀ ਬਹੁਮਤ ਪ੍ਰਾਪਤ ਕਰ ਗਈ ਪਰ ਯਾਹੀਆ ਖ਼ਾਨ ਉਸ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੌਂਪਣ ਨੂੰ ਤਿਆਰ ਨਹੀਂ ਹੋਇਆ, ਜਿਸ ਨਾਲ ਪੂਰਬੀ ਪਾਕਿਸਤਾਨ (ਜਿਹੜਾ ਹੁਣ ਬੰਗਲਾਦੇਸ਼ ਹੈ) ਦੀ ਜਨਤਾ 'ਚ ਉਸ ਦੇ ਵਿਰੁੱਧ ਜੱਦੋ-ਜਹਿਦ ਇੰਨੀ ਜ਼ੋਰ ਨਾਲ ਚੱਲੀ ਕਿ ਯਾਹੀਆ ਖ਼ਾਨ ਨੂੰ ਉਥੇ ਫ਼ੌਜੀ ਕਾਰਵਾਈ ਕਰਨੀ ਪਈ।


RAMESH SUMAN
Broker Realtor
RCS-D™
MAJESTIC HOMES
Office (925) 779-1234
Direct (925) 366-3618
Fax (925) 219-3918
DRE Licence - 00871752
www.majestichomes.us • ramesh@rameshsuman.com
P.O. Box 3434 , Antioch, CA 94531-3434

# ਲਾਖਾ ਗੋਤ ਦੇ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸ਼ਰਧਾ ਨਾਲ ਮਨਾਇਆ









ਸ਼ਹੀਦ ਭਗਤ ਸਿੰਘ ਨਗਰ- ਪਿੰਡ ਬਘੌਰਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਲਾਖਾ ਗੋਤ ਦੇ ਜਠੇਰਿਆਂ ਦਾ 41ਵਾਂ ਸ਼ਾਨਦਾਰ ਸਾਲਾਨਾ ਜੋੜ ਮੇਲਾ ਬੜੀ ਸ਼ਰਧਾ ਨਾਲ ਮਨਾਇਆ ਗਿਆ।

ਇਸ ਵਾਰ ਵੀ ਅਸਥਾਨ ਬਾਬਾ ਸੰਦਲ ਦਾਸ ਲਾਖਾ ਜੀ ਬਘੌਰਾ ਅਤੇ ਸਤੀ ਮਾਤਾ ਤ੍ਰਿਪਤਾ ਜੀ ਪਿੰਡ ਪਾਠ ਮਜਾਰਾ ਦੀ ਪਵਿੱਤਰ ਯਾਦ ਨੂੰ ਸਮਰਪਿਤ ਮੇਲੇ ਵਿਚ ਲਾਖਾ ਪਰਿਵਾਰ ਦੀਆਂ ਸੰਗਤਾਂ ਨੇ ਦੂਰ ਦੁਰਾਡੇ ਤੋਂ ਵੱਡੀ ਗਿਣਤੀ ਵਿਚ ਪਹੁੰਚ ਕੇ ਭਰਪੂਰ ਹਾਜ਼ਰੀ ਲਗਵਾਈ। ਵਿਸਾਖੀ ਦੇ ਤਿਉਹਾਰ ਮੌਕੇ ਦੋਵਾਂ ਹੀ ਅਸਥਾਨਾਂ 'ਤੇ ਝੰਡੇ ਦੀ ਰਸਮ ਅਦਾ ਕੀਤੀ ਗਈ।

ਅਸਥਾਨ ਬਾਬਾ ਸੰਦਲ ਦਾਸ ਲਾਖਾ ਤੇ ਨਵੇਂ ਤਿਆਰ ਹੋਏ ਲੰਗਰ ਹਾਲ ਦਾ ਉਦਘਾਟਨ ਪ੍ਰਧਾਨ ਧਰਮਦੇਵ ਲਾਖਾ ਨੇ ਕੀਤਾ। ਦੋਵਾਂ ਥਾਵਾਂ 'ਤੇ ਚਾਹ ਦੇ ਲੰਗਰ ਲਗਾਏ ਗਏ। ਮੇਲੇ ਵਿਚ ਬਲਵੀਰ ਸਿੰਘ ਪੁੱਤਰ ਸਵ: ਗੁਰਦਾਸ ਸਿੰਘ ਵੱਲੋਂ ਗੰਨੇ ਦੇ ਰਸ ਦਾ ਲੰਗਰ ਅਤੇ ਚੰਡੀਗੜ੍ਹ ਤੋਂ ਬਾਬਾ ਸੋਹਣ ਸਿੰਘ ਲਾਖਾ ਦੇ ਪਰਿਵਾਰ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਕਮੇਟੀ ਵੱਲੋਂ ਵੀ ਮੇਲੇ ਦੌਰਾਨ ਅਤੁੱਟ ਲੰਗਰ ਵਰਤਾਇਆ ਗਿਆ। ਮੇਲੇ ਵਿਚ ਅਧਿਆਤਮਕ ਵਿਚਾਰਾਂ ਤੋਂ ਇਲਾਵਾ ਗਾਇਕ ਕਲਾਕਾਰ ਚਰਨਜੀਤ ਚੰਨੀ ਭੋਗਪੁਰ ਵੱਲੋਂ ਧਾਰਮਿਕ ਗੀਤਾਂ ਰਾਹੀਂ ਰਹਿਬਰਾਂ ਦਾ ਗੁਣਗਾਨ ਕੀਤਾ ਗਿਆ।

ਜੋੜ ਮੇਲੇ ਦੀ ਪ੍ਰਬੰਧਕੀ ਕਮੇਟੀ ਵਿਚ ਪ੍ਰਧਾਨ ਧਰਮਦੇਵ ਲਾਖਾ ਰਿਟਾਇਰਡ ਹੈਡ ਮਾਸਟਰ ਪ੍ਰਤਾਪਪੁਰਾ, ਜੋਗਿੰਦਰ ਸਿੰਘ ਲਾਖਾ ਜਨਰਲ ਸਕੱਤਰ ਨਡਾਲੋਂ, ਤੁਲਸੀ ਦਾਸ ਲਾਖਾ ਕੈਸ਼ੀਅਰ ਨਵਾਂ ਪਿੰਡ ਕੱਚਾ, ਲੱਖੂ ਰਾਮ ਲਾਖਾ (ਮਾਹਲਾਂ) ਪ੍ਰਬੰਧਕ, ਦਰਸ਼ਨ ਲਾਲ ਲਾਖਾ ਉਪ ਪ੍ਰਧਾਨ ਅਬਾਦਪੁਰਾ ਜਲੰਧਰ, ਪ੍ਰੇਮ ਕੁਮਾਰ ਉਪ ਪ੍ਰਧਾਨ ਨਵਾਂ ਸ਼ਹਿਰ, ਤੀਰਥ ਰਾਮ ਲਾਖਾ ਸਕੱਤਰ ਪਿੰਡ ਮਿੱਠੜਾ, ਮੈਂਬਰ ਹਰਭਜਨ ਦਾਸ ਪ੍ਰਤਾਪਪੁਰਾ ਅਤੇ ਹੋਰ ਮੈਂਬਰਾਨ ਪ੍ਰਬੰਧਕੀ ਕਮੇਟੀ ਨੇ ਆਪੋ ਆਪਣੀ ਸੇਵਾ ਬਾਖੂਬੀ ਨਿਭਾਈ।

ਪ੍ਰਬੰਧਕੀ ਕਮੇਟੀ ਨੇ ਦੱਸਿਆ ਕਿ ਲਾਖਾ ਗੋਤ ਦੇ ਜਠੇਰਿਆਂ ਦੀ ਕਮੇਟੀ ਦੇ ਮੁੱਖ ਪੈਟਰਨ ਸਰਵਣ ਸਿੰਘ ਫਿਲੌਰ ਮੰਤਰੀ ਪੰਜਾਬ ਸਰਕਾਰ ਕੋਲ ਪਿੰਡ ਭਾਨਮਾਜਰਾ ਲਿੰਕ ਸੜਕ ਜਠੇਰਿਆਂ ਦੇ ਗੇਟ ਤੋਂ ਅਸਥਾਨ ਬਾਬਾ ਸੰਦਲ ਦਾਸ ਲਾਖਾ ਜੀ ਤੱਕ ਨਹਿਰ ਦੇ ਨਾਲ ਨਾਲ ਪੱਕੀ ਸੜਕ ਬਣਵਾਉਣ ਲਈ ਬੇਨਤੀ ਕੀਤੀ ਗਈ ਸੀ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਇਹ ਸੜਕ ਜਲਦੀ ਬਣਾ ਦਿੱਤੀ ਜਾਵੇਗੀ, ਕਾਰਵਾਈ ਵਿਚਾਰ ਅਧੀਨ ਹੈ।

ਅਸੀਂ ਫਿਰ ਤੋਂ ਮੰਤਰੀ ਸਾਹਿਬ ਸਰਵਣ ਸਿੰਘ ਫਿਲੌਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਰਕਾਰ ਵਿਚ ਮੰਤਰੀ ਹੁੰਦੇ ਹੋਏ ਆਪਣੇ ਜਠੇਰਿਆਂ ਨੂੰ ਜਾਣ ਵਾਲੀ ਸੜਕ ਬਣਵਾਉਣ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਉਣ।

ਪ੍ਰਬੰਧਕੀ ਕਮੇਟੀ ਵੱਲੋਂ ਅਗਲੇ ਸਾਲ ਹੋਰ ਵੀ ਬਿਹਤਰ ਕਾਰਗੁਜ਼ਾਰੀ ਨਾਲ ਮੇਲੇ ਨੂੰ ਵਧੀਆ ਢੰਗ ਨਾਲ ਮਨਾਉਣ ਦੇ ਉਪਰਾਲੇ ਕੀਤੇ ਜਾਣਗੇ। ਕਮੇਟੀ ਵੱਲੋਂ ਸਮੂਹ ਲਾਖਾ ਪਰਿਵਾਰਾਂ ਦੀਆਂ ਸੰਗਤਾਂ ਦੇ ਇੱਥੇ ਪੁੱਜਣ ਤੇ ਧੰਨਵਾਦ ਕੀਤਾ। *ਰਿਪੋਰਟ ਤੇ ਫੋਟੋ- ਰੇਸਮ ਕਰਨਾਣਵੀ*

## ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ



ਮੈਲਬੋਰਨ (ਮਨਦੀਪ ਸਿੰਘ ਸੈਣੀ)- ਪਿਛਲੇ ਦਿਨੀਂ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਸਭਾ ਕੈਂਬਰ ਫੀਲਡ ਮੈਲਬੋਰਨ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ।

ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਮੌਕੇ ਬੁਲਾਰਿਆਂ ਨੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਜੁਗਿੰਦਰਪਾਲ, ਮਹਿੰਦਪਾਲ, ਹੇਮਰਾਜ ਅਤੇ ਰਾਹੁਲ ਬੰਗਾ ਨੇ ਭਰਪੂਰ ਸਹਿਯੋਗ ਦਿੱਤਾ।

## ਸਮਾਜਵਾਦੀ ਪਾਰਟੀ ਦੇ 'ਗੁੰਡਿਆਂ' ਨੂੰ ਸਿਖਾਵਾਂਗੀ ਸਬਕ: ਮਾਇਆਵਤੀ

ਲਖਨਊ- ਡਾ. ਬੀ.ਆਰ. ਅੰਬੇਦਕਰ ਦੇ ਜਨਮ ਦਿਵਸ 'ਤੇ ਆਪਣੀ ਪਾਰਟੀ ਵੱਲੋਂ ਲਾਏ ਗਏ ਹੋਰਡਿੰਗ ਹਟਾਏ ਜਾਣ ਤੋਂ ਨਾਰਾਜ਼, ਬਹੁਜਨ ਸਮਾਜ ਪਾਰਟੀ ਦੀ ਨੇਤਾ ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ 'ਤੇ ਸਿਆਸੀ ਬਦਲੇਖੋਰੀ ਦਾ ਇਲਜ਼ਾਮ ਲਾਇਆ ਅਤੇ ਧਮਕੀ ਦਿੱਤੀ ਹੈ ਕਿ ਉਹ ਜਦੋਂ ਸੱਤਾ ਵਿੱਚ ਪਰਤੇ ਤਾਂ ਸਪਾ ਦੇ 'ਗੁੰਡਿਆਂ' ਨੂੰ ਸਬਕ ਸਿਖਾਇਆ ਜਾਵੇਗਾ। ਮਾਇਆਵਤੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਾਸ਼ੀਏ 'ਤੇ ਰਹਿ ਰਹੇ ਕਿਸਾਨਾਂ ਨੂੰ ਸਰਕਾਰੀ ਜ਼ਮੀਨ ਪਟੇ 'ਤੇ ਦਿੱਤੀ ਸੀ, ਪਰ ਇਨ੍ਹਾਂ ਜ਼ਮੀਨਾਂ 'ਤੇ ਸਮਾਜਵਾਦੀ ਪਾਰਟੀ ਦੇ ਕਾਰਕੁਨਾਂ ਅਤੇ ਗੁੰਡਿਆਂ ਵੱਲੋਂ ਕਬਜ਼ਾ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ, ''ਜਬ ਹਮਾਰੀ ਪਾਰਟੀ ਕੀ ਸਰਕਾਰ ਬਨੇਗੀ ਤਬ ਐਸੇ ਲੋਗੋਂ ਕੋ ਤੋੜਾ ਜਾਏਗਾ ਔਰ ਐਸਾ ਸੀਧਾ ਕਰੇਂਗੇ ਕਿ ਫਿਰ ਵੋਹ ਕਭੀ ਕਬਜ਼ਾ ਨਹੀਂ ਕਰ ਪਾਏਂਗੇ।'' ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਮੈਂਬਰਾਂ ਨੂੰ ਸਿਆਸੀ ਬਦਲੇਖੋਰੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਬਸਪਾ ਨੂੰ ਨੰਬਰ ਇਕ ਨਿਸ਼ਾਨਾ ਬਣਾਇਆ ਜਾ ਰਿਹਾ। ਬਸਪਾ ਸੁਪਰੀਮੋ ਅੰਬੇਦਕਰ ਦੇ 122ਵੇਂ ਜਨਮ ਦਿਵਸ ਮੌਕੇ ਭੀਮ ਰਾਓ ਅੰਬੇਦਕਰ ਸਮਾਜਿਕ ਪਰਿਵਰਤਨ ਸਥਲ ਲਾਗੇ ਲਗਾਏ ਹੋਰਡਿੰਗ ਹਟਾਉਣ ਤੋਂ ਗੁੱਸੇ ਵਿੱਚ ਸਨ। ਇੱਥੇ ਉਨ੍ਹਾਂ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, ''ਸਰਕਾਰ ਜਾਣਦੀ ਸੀ ਕਿ ਇਹ ਬਾਬਾ ਸਾਹਿਬ ਦੀ ਸਾਲਗਿਰ੍ਹਾ ਹੈ ਅਤੇ ਲੱਖਾਂ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਉਣਗੇ। ਇਸ ਮੌਕੇ ਦੇਸ਼ ਭਰ ਵਿੱਚ ਹੋਰਡਿੰਗਜ਼ ਲਾਏ ਗਏ ਸਨ।




ਵਾਲਮੀਕ ਭਾਈਚਾਰੇ ਦੇ ਅਨਮੋਲ ਹੀਰੇ

ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਕੈਲੇਫੋਰਨੀਆ (ਅਮਰੀਕਾ) (ਰਜਿ)




ਬਾਬਾ ਜੀਵਨ ਸਿੰਘ ਜੀ



ਬਾਬਾ ਸੰਗਤ ਸਿੰਘ ਜੀ



ਡਾ. ਭੀਮ ਰਾਓ ਅੰਬੇਦਕਰ



ਸ਼ਹੀਦ ਸੁਖਦੇਵ ਥਾਪਰ

# ਜਨਮ ਦਿਨ ਤੇ ਵਿਸ਼ੇਸ਼ ਮਹਾਨ ਲੋਕ ਕਵੀ ਸੰਤ ਰਾਮ ਉਦਾਸੀ ਨੂੰ ਸਮਰਪਿਤ



ਸੰਤ ਰਾਮ ਉਦਾਸੀ

## ਮਜ਼ਦੂਰ ਦੀ ਦੇਸ਼-ਸੇਵਾ

ਮੇਰੀ ਕਿਰਤ ਨੂੰ ਲੁੱਟਣ ਵਾਲੜਿਓ, ਕਿਉਂ ਪੀਵੋ ਰੱਤ ਬਹਾਰਾਂ ਦੀ।
ਇਹ ਧਰਤੀ ਹੈ ਮਜ਼ਦੂਰਾਂ ਦੀ, ਇਹ ਨਹੀਂ ਸਰਮਾਏਦਾਰਾਂ ਦੀ।

ਮੇਰੇ ਤੇਸੇ ਅਤੇ ਹਥੌੜੇ ਨੇ, ਲੱਖ ਮੰਦਰ ਮਹਿਲ ਉਸਾਰੇ ਹੋ।
ਪਰ ਮੇਰੀ ਨੀਂਦ ਉਤਾਰਨ ਨੂੰ, ਕੱਖ ਕਾਨਿਆਂ ਦੇ ਹਨ ਢਾਰੇ ਹੋ।

ਅੱਜ ਮੇਰੀ ਮਿਹਨਤ ਦਾ ਸਦਕਾ, ਕਾਰਾਂ ਤੇ ਕਾਰਾਂ ਆ ਗਈਆਂ।
ਕਰ ਕਤਲ ਬਸੰਤ ਅਸਾਡੀ ਨੂੰ, ਕਈ ਮਸਤ ਬਹਾਰਾਂ ਆ ਗਈਆਂ।

ਹੈ ਦੂਣਾ ਠਾਠ ਅਮੀਰਾਂ ਦਾ, ਵਧਿਆ ਚੌਣਾ ਸਰਮਾਇਆ ਏ।
ਪਰ ਮੇਰੀ ਰੋਟੀ ਦਾ ਟੁਕੜਾ, ਹੁਣ ਖ਼ਤਮ ਹੋਣ 'ਤੇ ਆਇਆ ਏ।

ਜਦ ਵੀ ਉਪਰਾਲਾ ਕਰਕੇ ਮੈਂ, ਜ਼ੰਜੀਰ ਤੋੜਨੀ ਚਾਹੀ ਏ।
ਟੁੱਟੀ ਨੂੰ ਟਾਂਕੇ ਲਾ ਲਾ ਕੇ, ਤਕਦੀਰ ਜੋੜਨੀ ਚਾਹੀ ਏ।

ਧਰਮਾਂ 'ਤੇ ਖ਼ਤਰਾ ਬਣ ਜਾਵੇ, ਕਾਨੂੰਨ 'ਤੇ ਖ਼ਤਰਾ ਆ ਜਾਵੇ।
ਮਜ਼ਹਬਾਂ ਦੇ ਠੇਕੇਦਾਰਾਂ ਦੇ, ਜਨੂੰਨ 'ਤੇ ਖ਼ਤਰਾ ਆ ਜਾਵੇ।

ਦੇ ਫ਼ਤਵਾ ਦੇਸ਼-ਧਰੋਹੀ ਦਾ, ਜੇਲ੍ਹਾਂ ਦੇ ਬੂਹੇ ਖੁੱਲ੍ਹ ਜਾਂਦੇ।
ਅੰਨ੍ਹੇ ਹੋ ਵਿਚ ਤਸ਼ੱਦਦ ਦੇ, ਬੰਦੇ ਨੂੰ ਬੰਦਾ ਭੁੱਲ ਜਾਂਦੇ।

ਹਰ ਸ਼ੈਅ ਵਿਚ ਜ਼ਹਿਰ ਮਿਲਾਉਂਦੇ ਨੇ ਤੇ ਬਣ ਬਹਿੰਦੇ ਨੇ ਲੱਖਪਤੀ।
ਪਰ ਸਰਘੀ ਜੰਮਣੋਂ ਨਹੀਂ ਰਹਿੰਦੀ, ਜਦ ਧਰਤੀ ਹੋਵੇ ਗਰਭਵਤੀ।

ਫਿਰ ਸੀਖਾਂ ਤੋੜ ਮਜੂਰ ਕਹੇ, ਇਹ ਸੱਭੋ ਕੁਝ ਹੀ ਮੇਰਾ ਏ।
ਜਿਸ ਨੂੰ ਤੂੰ ਆਪਣਾ ਦੇਸ਼ ਕਹੇਂ, ਇਹ ਤੇਰਾ ਨਹੀਂ ਇਹ ਮੇਰਾ ਏ।

ਇਹ ਫ਼ਸਲਾਂ ਬੰਨੇ ਸੱਪਾਂ ਨੇ, ਮੇਰੇ ਦਾਦੇ ਨੂੰ ਡੰਗਿਆ ਏ।
ਮੇਰੇ ਵੀਰ ਦੇ ਭੁੱਖੇ ਢਿੱਡ ਵਿਚੋਂ, ਇਕ ਤਪਦਾ ਸਰੀਆ ਲੰਘਿਆ ਏ।

ਔਹ ਚੱਕਰ ਖਾ ਕੇ ਡਿੱਗਿਆ ਏ ਤੇ ਕਰਦਾ ਗੰਦ ਜੁ ਸਾਫ ਤੇਰਾ।
ਨਹੀਂ ਤਾਕਤ ਪਾਉਂਦਾ ਵੈਦ ਕੋਈ, ਆਹ! ਤੜਫ ਰਿਹਾ ਏ ਬਾਪ ਮੇਰਾ।

## ਪ੍ਰੀਤਮ ਪਿਆਰਾ

## (ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਮੇਰੀ ਸਖੀ ਸਹੇਲੜੀਓ, ਇਕ ਹਾਲ ਸੁਣਾਵਾਂ ਨੀ,
ਦੁੱਖ ਸੁਣ ਕੇ ਬੱਚਿਆਂ ਦਾ, ਮਰ ਜਾਵਣ ਮਾਵਾਂ ਨੀ!
ਜਦ ਧਰਮ ਨੂੰ ਖ਼ਤਰਾ ਸੀ, ਸਰਮਾਏਦਾਰੀ ਤੋਂ,
ਵਹਿਮਾਂ ਤੇ ਰਸਮਾਂ ਤੋਂ ਤੇ ਫਿਰਕਾਦਾਰੀ ਤੋਂ।
ਰਾਜੇ ਜਰਵਾਣੇ ਨੀ, ਕਰ ਜ਼ੋਰ ਧਿੰਙਾਣੇ ਨੀ,
ਪਤ ਖੋਹੇ ਲੋਕਾਂ ਦੀ ਕਰਦੇ ਮਨ ਭਾਣੇ ਨੀ।
ਲੋਕਾਂ ਦੀਆਂ ਲਹਿਰਾਂ ਨੂੰ ਜਨਤਾ ਦੀਆਂ ਮੰਗਾਂ ਨੂੰ,
ਲੋਕਾਂ ਦੀ ਸ਼ਾਨ ਦੀਆਂ, ਉਹਨਾਂ ਸਿਖਰ ਦੁਪਹਿਰਾਂ ਨੂੰ,
ਜ਼ਾਲਮ ਨਾ ਜਰਦੇ ਸੀ।
ਜੰਞੂ ਤੇ ਤਿਲਕਾਂ ਦੇ, ਉਹ ਲਾ ਬਹਾਨੇ ਨੀ,
ਤੰਗ ਡਾਢਾ ਕਰਦੇ ਸੀ।

ਦੁਖੀਆਂ ਦੀਆਂ ਚੀਕਾਂ ਨੇ, ਧਰਮਾਂ ਦੀਆਂ ਹੂਕਾਂ ਨੇ,
ਲੋਕਾਂ ਦੇ ਜਜ਼ਬੇ ਨੇ ਤੇ ਅਣਖ ਰੰਗੀਲੀ ਨੇ,
ਇਕ ਸ਼ੇਰ ਜਗਾ ਦਿੱਤਾ, ਤੇ ਲੜਨ ਸਿਖਾ ਦਿੱਤਾ।
ਉਸ ਮਰਦੇ ਮੁਜਾਹਦ ਨੇ,
ਚੁੱਕੀਆਂ ਤਲਵਾਰਾਂ ਹੋ, ਦੇ ਕੇ ਲਲਕਾਰਾ ਹੋ,
ਆਓ ਸਿਰ ਦੇਵਣ ਦਾ, ਹੁਣ ਕਰੋ ਤਿਆਰਾ ਹੋ।

ਧਰਤੀ ਦੀ ਹਿੱਕੜੀ ਨੂੰ,
ਸਮਿਆਂ ਦੀ ਸ਼ਕਤੀ ਨੂੰ, ਦੁਖੀਆਂ ਦੇ ਜੀਵਨ ਨੂੰ,
ਧਰਮਾਂ ਦੀ ਹਸਤੀ ਨੂੰ
ਲੋੜ ਖ਼ੂਨੀ ਰੰਗਤ ਦੀ, ਸਿਰ ਵਾਰੂ ਸੰਗਤ ਦੀ।

ਕੱਠੇ ਕੋਨੇ ਧਰਤੀ ਦੇ, ਛਿੜੀਆਂ ਝਰਨਾਟਾਂ ਸੀ,
ਬਲ ਉਠੀਆਂ ਲਾਟਾਂ ਸੀ,
ਸੀਨੇ ਫਿਰ ਜ਼ਾਲਮ ਦੇ, ਪਈਆਂ ਨਿਕਲ ਥਰਾਟਾਂ ਸੀ।

ਜ਼ਾਲਮ ਜਰਵਾਣੇ ਨੇ,
ਉਸ ਮਰਦ ਅਗੰਮੜੇ ਦੇ, ਬੱਚਿਆਂ ਨੂੰ ਕੋਹ ਦਿੱਤਾ।
ਬਾਬਲ ਤੇ ਮਾਤਾ ਨੂੰ, ਜ਼ੁਲਮਾਂ ਵਿਚ ਢੋਹ ਦਿੱਤਾ।
ਸਰਸਾ ਦੀਆਂ ਲਹਿਰਾਂ ਨੇ, ਜ਼ਾਲਮ ਦੇ ਕਹਿਰਾਂ ਨੇ,
ਸਿੰਘਾਂ ਦੇ ਵਿਛੋੜੇ ਨੇ, ਘਰ ਮਾਲ ਦੇ ਰੋੜ੍ਹੇ ਨੇ,
ਉਹਨੂੰ ਥਿੜਕਾਇਆ ਨਾ, ਤੇ ਉਹ ਘਬਰਾਇਆ ਨਾ।
ਲੋਕਾਂ ਦੀ ਸੇਵਾ ਨੇ ਬਲੀਦਾਨ ਦੇ ਨਸ਼ਿਆਂ ਨੇ,
ਵਫ਼ਾਦਾਰੀ ਸਿੰਘਾਂ ਦੀ, ਤੇ ਬੇਪ੍ਰਵਾਹੀ ਨੇ,
ਜੰਗਲਾਂ ਵਿਚ ਸੱਥਰਾਂ 'ਤੇ ਉਹਨੂੰ ਲੰਮਿਆਂ ਪਾ ਦਿੱਤਾ,
ਤੇ ਘੂਕ ਸਵਾ ਦਿੱਤਾ।
ਇਸ ਸੁੱਤੇ ਮਾਹੀ ਨੂੰ, ਆ ਨੇੜਿਉਂ ਤੱਕੀਏ ਨੀ,
ਜ਼ਰਾ ਹੌਲੀ ਤੁਰਿਆ ਜੇ, ਨੀਂਦਰ ਨਾ ਖੁੱਲ੍ਹ ਜਾਵੇ,
ਜ਼ਰਾ ਤੱਕੋ ਅੜੀਓ ਨੀ, ਇਹਨੇ ਦੁੱਖੜੇ ਝੱਲ ਕੇ ਵੀ,
ਕਿੰਨਾ ਮੁੱਖ ਸੋਂਹਦਾ ਏ, ਤੇ ਮਨ ਨੂੰ ਮੋਂਹਦਾ ਏ।
ਤਾਜਾਂ ਦਾ ਰਾਖਾ ਨੀ, ਰਾਜਾਂ ਦਾ ਮਾਲਕ ਨੀ,
ਨਾ ਲੋਭ ਜਗੀਰਾਂ ਦਾ, ਬੱਸ ਪਿਆਰ ਏ ਤੀਰਾਂ ਦਾ,
ਸਤਿਗੁਰ ਇਕ ਫਿਰਕੇ ਦਾ, ਏਹਨੂੰ ਆਖੋ ਅੜਿਓ ਨਾ,
ਲੋਕਾਂ ਦਾ ਵਾਰਸ ਇਹ, ਦੁਨੀਆਂ ਦਾ ਵਾਰਸ ਇਹ,
ਵਹਿਮਾਂ ਤੇ ਰਸਮਾਂ ਦਾ, ਇਹ ਖੰਡਨ ਹਾਰਾ ਏ,
ਤਾਹੀਉਂ ਤਾਂ ਹਰ ਦਿਲ ਦਾ, ਇਹ ਪ੍ਰੀਤਮ ਪਿਆਰਾ ਏ।

## ਮੇਰਾ ਪਿਆਰ- ਮੇਰੇ ਲੋਕ

ਹੇ ਜੰਤਾ! ਤੇਰੇ ਦੁੱਖਾਂ ਦਾ ਕਿੱਸਾ ਹੀ ਨਿਰਾਲਾ ਏ।
ਜ਼ੁਲਮ ਦੇ ਨਾਲ ਹੋਇਆ ਤੇਰੇ ਹੱਥਾਂ ਦਾ ਉਧਾਲਾ ਏ।

ਤੇਰੇ ਵਿਚਕਾਰ ਆ ਕੇ ਅੱਜ ਇੰਝ ਮਹਿਸੂਸ ਹੋਇਆ ਏ,
ਕਿ ਸੂਰਜ ਨਿਕਲ ਆਇਆ, ਦਿਲਾਂ ਵਿਚ ਪਹੁ-ਫੁਟਾਲਾ ਏ।
ਤੇਰੇ ਖ਼ਾਮੋਸ਼ ਘੋਲਾਂ 'ਚੋਂ ਮੈਂ, ਅੱਖਰ ਭੁੱਖ ਦੇ ਪੜ੍ਹਿਆ,
ਤਾਹੀਓਂ ਤਾਂ ਹੈ ਖੋਲ੍ਹੀ ਲੋਹ-ਕਥਾ ਦੀ ਪਾਠਸ਼ਾਲਾ ਏ।

ਤੇ ਜੇਕਰ ਕਲਮ ਮੇਰੀ ਕੁਝ ਅੱਖਰ ਵਾਰ ਨਾ ਸਕਦੀ,
ਮੈਂ ਕਿੱਦਾਂ ਤਾਰ ਸਕਣਾ ਤੇਰਿਆਂ ਗੀਤਾਂ ਦਾ ਹਾਲਾ ਏ।

ਹੈ ਤੇਰੀ ਰੂਹ-ਭਰੀ ਬੋਲੀ 'ਤੇ ਮੇਰੀ ਕਲਮ ਦਾ ਪਹਿਰਾ,
ਮੈਂ ਦੇਣਾ ਹੱਸ ਕੇ ਤੇਰੀ ਵਫ਼ਾ ਦਾ ਮੂੰਹ-ਵਖਾਲਾ ਏ।

ਕੋਈ ਵੀ ਜ਼ੁਲਮ ਹੁਣ ਇਸ ਨੂੰ ਦਬਾ ਕੇ ਰੱਖ ਨਹੀਂ ਸਕਦਾ,
ਦਿਮਾਗਾਂ ਵਿਚ ਹਰਕਤ ਹੈ ਤੇ ਹਿੱਕਾਂ 'ਚ ਉਬਾਲਾ ਏ।

ਮੇਰੀ ਜੰਤਾ! ਤੇਰੇ ਦੁੱਖਾਂ ਦਾ ਕਿੱਸਾ ਹੀ ਨਿਰਾਲਾ ਏ।
ਜ਼ੁਲਮ ਦੇ ਨਾਲ ਹੋਇਆ ਤੇਰੇ ਹੱਕਾਂ ਦਾ ਉਧਾਲਾ ਏ।

## ਆਓ ਰਲ ਕੇ ਬੈਠਣ ਦੀ

### ''ਆਜ਼ਾਦ ਜਲੰਧਰੀ''

ਆਓ ਰਲ ਕੇ ਬੈਠਣ ਦੀ ਤਦਬੀਰ ਕਰੀਏ
ਏਹ ਰੌਸ਼ਨ ਗਰੀਬਾਂ ਦੀ ਤਕਦੀਰ ਕਰੀਏ।
ਜੁਗਾਂ ਤੋਂ ਜਿਹਨੇ ਕੌਮ ਨੂੰ ਜਕੜਿਆ ਏ
ਆਓ ਦੂਰ ਵਰਣਾਂ ਦੀ ਜੰਜ਼ੀਰ ਕਰੀਏ।
ਮੇਰੀ ਕੌਮ ਦੇ ਰਹਿਬਰੋ ਤੇ ਅਦੀਬੋ
ਆਓ ਅੱਜ ਕਲਮ ਆਪਣੀ ਸ਼ਮਸ਼ੀਰ ਕਰੀਏ।
ਜੋ ਮੁਰਦਾ ਰੂਹਾਂ ਵਿਚ ਹੈ ਮੁੜ ਜਾਨ ਪਾਵੇ
ਜੇ ਕਰੀਏ ਕਦੇ ਐਸੀ ਤਕਰੀਰ ਕਰੀਏ।
ਜੋ ਪੈਦਾ ਕਰੇ ਇਨਕਲਾਬਾਂ ਦੀ ਖੇਤੀ
ਖ਼ਿਆਲਾਂ 'ਚ ਪੈਦਾ ਉਹ ਤਾਸੀਰ ਕਰੀਏ।
ਨਾ ਹੋਵੇ ਵਰਣ ਜ਼ਾਤ ਦੀ ਜਿੱਥੇ ਲਾਹਨਤ
ਆਓ ਸ਼ਹਿਰ ਐਸਾ ਕੋਈ ਤਾਮੀਰ ਕਰੀਏ।
ਜੋ ''ਆਜ਼ਾਦ'' ਦੇਖੀ ਸੀ ਅੰਬੇਦਕਰ ਨੇ
ਆਓ ਪੂਰੀ ਖ਼ਾਬਾਂ ਦੀ ਤਾਬੀਰ ਕਰੀਏ।

## ਅਸਲੀਅਤ ਤੋਂ ਅਣਜਾਣ ਬੰਦਾ



-ਕਸ਼ਮੀਰ ਸਿੰਘ ਹੀਰਾ (916)-798-8142

ਬੰਦਾ ਬਣਿਆ ਬੰਦਗੀ ਦੇ ਕਰਨੇ ਨੂੰ
ਐਪਰ ਬੰਦੇ ਨੂੰ ਆਪਣੀ ਪਛਾਣ ਭੁੱਲ ਗਈ
ਝੂਠੇ ਧੰਦਿਆਂ ਵਿਚ ਉਲਝਿਆ ਫਿਰੇ ਬੰਦਾ
ਮੰਜ਼ਿਲ ਨੇੜੇ ਆਈ ਤਾਂ ਬੰਦੇ ਦੀ ਅੱਖ ਖੁੱਲ੍ਹ ਗਈ।
ਮੌਤ ਸਿਰ ਤੇ ਦੇਖ ਕੇ ਝੂਰੇ ਬੰਦਾ
ਜ਼ਿੰਦਗੀ ਕਿਵੇਂ ਗੁਜ਼ਰੀ ਉਹਨੂੰ ਇਹ ਗੱਲ ਭੁੱਲ ਗਈ।
ਜਿਨ੍ਹਾਂ ਖ਼ਾਤਰ ਕਮਾਈਆਂ ਕਰੇ ਬੰਦਾ
ਬੰਦਾ ਤੁਰ ਗਿਆ ਤਾਂ, ਬੰਦੇ ਦੀ ਯਾਦ ਭੁੱਲ ਗਈ।
ਝੂਠੀ ਸ਼ਾਨ ਖ਼ਾਤਿਰ, ਝੂਠ ਨਾਲ ਮੋਹ ਪਾਇਆ
ਸੱਚ ਜਾਣਿਆਂ ਤਾਂ ਬੰਦੇ ਨੂੰ ਹੋਸ਼ ਭੁੱਲ ਗਈ।
ਦੁਖ ਦੂਣ ਸਵਾਏ ਨੇ ਹੋਈ ਜਾਂਦੇ
ਕਿਉਂਕਿ ਬੰਦੇ ਨੂੰ ਬੰਦਾ ਬਣਾਉਣ ਵਾਲੇ ਦੀ ਯਾਦ ਭੁੱਲ ਗਈ।
ਝੂਠੀ ਕਮਾਈ ਵਿਚ ਜੀਵਨ ਗੁਜ਼ਾਰ ਦਿੱਤਾ
ਜਿਹਨੇ ਜੀਵਨ ਦਿੱਤਾ, ਉਹਦੀ ਕਿਉਂ ਯਾਦ ਭੁੱਲ ਗਈ।
ਲੱਖ ਚੌਰਾਸੀ ਦਾ ਸੀ ਸਿਰਤਾਜ ਬੰਦਾ
ਲੇਕਿਨ ਬੰਦੇ ਨੂੰ ਆਪਣੀ ਔਕਾਤ ਭੁੱਲ ਗਈ।
ਕਿੰਨੇ ਤੋਰੇ ਤੇ ਕਿੰਨਿਆਂ ਨੂੰ ਤੋਰਨਾ ਹੈ,
ਐਪਰ ਆਪ ਜਾਣ ਦੀ ਤੈਨੂੰ ਕਿਵੇਂ ਯਾਦ ਭੁੱਲ ਗਈ।
ਬਹੁਤੀ ਬੀਤੀ ਤੇ ਥੋੜ੍ਹੀ ਹੈ ਰਹਿ ਗਈ
ਅਸਲੀਅਤ ਜਾਣਨੇ ਦੀ ਤੈਨੂੰ ਕਿਉਂ ਯਾਦ ਭੁੱਲ ਗਈ
ਮਰਨ ਦਿਨ ਤਾਂ ਤੈਨੂੰ ਨਹੀਂ ਯਾਦ ਆਉਂਦਾ
ਕਿਉਂ ਨਹੀਂ ਤੈਨੂੰ ਜਨਮ ਤਾਰੀਖ ਭੁੱਲ ਗਈ।
ਪੂੰਜੀ ਸੁਆਸਾਂ ਵਾਲੀ ਹੈ ਖ਼ਤਮ ਹੋਈ ਜਾਂਦੀ
ਜਿਹੜੇ ਕੰਮ ਆਇਆਂ, ਉਹਦੀ ਕਿਉਂ ਤੈਨੂੰ ਯਾਦ ਭੁੱਲ ਗਈ।
''ਹੀਰਾ'' ਇਸੇ ਲਈ ਤੂੰ ਭਟਕਦਾ ਫਿਰਦਾ ਏਂ
ਕਿਉਂਕਿ ਤੈਨੂੰ ਵੀ ਸਿਰਜਣਹਾਰ ਦੀ ਯਾਦ ਭੁੱਲ ਗਈ।

## ਬਾਬਾ ਸਾਹਿਬ ਹਮਦਰਦ ਗਰੀਬਾਂ ਦਾ



-ਰਮੇਸ਼ ਬੰਗੜ

ਦਿਲ ਦੇ ਵਿਚ ਸਮੋ ਕੇ ਸਾਰਾ ਦਰਦ ਗਰੀਬਾਂ ਦਾ
ਬਾਬਾ ਸਾਹਿਬ ਸੀ ਬਣਿਆ ਫਿਰ ਹਮਦਰਦ ਗਰੀਬਾਂ ਦਾ
ਦੇਖੀਆਂ ਜਦੋਂ ਕਿ ਕੰਮ ਮੇਰੇ ਤਾਂ ਪਸ਼ੂਆਂ ਤੋਂ ਵੀ ਥੱਲੇ
ਉਦੋਂ ਹੀ ਉਸਨੇ ਬੋਲ ਦਿੱਤੇ ਫਿਰ ਮਨੂੰਵਾਦ ਤੇ ਹੱਲੇ
ਮਾਰ ਕੇ ਹੰਭਲਾ ਦੂਰ ਕੀਤਾ, ਫਿਰ ਗਰਜ਼ ਗਰੀਬਾਂ ਦਾ
ਕਾਇਰ ਨਾਲੋਂ ਮਰਨਾ ਚੰਗਾ ਆਓ ਮਰੀਏ ਲੜ ਕੇ
ਜੀਣ ਦਾ ਰਾਹ ਦਿਖਾਈ ਦਿਖਲਾਇਆ ਕੱਢਿਆਂ ਡੁੱਬਿਆ ਨੂੰ ਹੱਥ ਫੜ ਕੇ
ਤਪਦਾ ਸੀਨਾ ਠੰਡਾ ਕੀਤਾ ਸਰਦ ਗਰੀਬਾਂ ਦਾ।
ਸਭ ਦੇ ਨਾਲ ਲੜਾਈ ਕਰਕੇ ਦੁਖੜੇ ਸਹਿ ਕੇ ਡਾਢੇ
ਬਿਹ ਮਾਤਾ ਦੇ ਵਾਂਗਰ ਬਿਹ ਕੇ ਲੇਖ ਲਿਖੇ ਫਿਰ ਸਾਡੇ
ਸਿਰ ਦੇ ਉਪਰੋਂ ਲਾਹ ਦਿੱਤਾ, ਫਿਰ ਕਰਜ਼ ਗਰੀਬਾਂ ਦਾ।
ਅੱਖੀਂ ਦੇਖ ਕੇ ਮੱਖੀ 'ਬੰਗੜਾ' ਖਾਣੀ ਬਹੁਤ ਹੈ ਔਖੀ
ਅੱਗ ਹੱਡਾਂ ਨੂੰ ਲੱਗ ਜਾਵੇ ਤਾਂ ਬਹਿਣ ਨਹੀਂ ਦਿੰਦੀ ਸੌਖੀ
ਲਿਖਿਆ ਫਿਰ ਸੰਵਿਧਾਨ ਜਾਣ ਦੇ ਫਰਜ਼ ਗਰੀਬਾਂ ਦਾ।

(916-715-3441)



ਡਾ. ਰੌਣਕੀ ਰਾਮ

ਜਨਮ ਦਿਨ ਤੇ ਵਿਸ਼ੇਸ਼

# ਲਾਲ ਸਿੰਘ ਦਿਲ ਲੋਕਾਂ ਦਾ ਇਨਕਲਾਬੀ ਕਵੀ

**ਲਾਲ ਸਿੰਘ ਦਿਲ ਸਮਾਜਿਕ ਤੰਗ ਦ੍ਰਿਸ਼ਟੀ, ਔਰਤ ਪ੍ਰਤੀ ਘੋਰ ਅਨਿਆਇ ਅਤੇ ਜਾਤੀਪਾਤੀ ਦੇ ਕੋਹਣ ਦੇ ਵਿਤਕਰੇ ਵਿਚ ਇਨਕਲਾਬ ਦਾ ਉਤਪੰਨ ਹੋਣਾ ਐਲਾਨਦਾ ਮਹਿਸੂਸ ਹੁੰਦਾ ਹੈ। ਉਹ ਕਾਰਲ ਮਾਰਕਸ ਦੇ ਅਰਥਵਿਵਸਥਾ ਦੇ ਸਿਧਾਂਤ ਦੇ ਨਾਲ ਜਾਤੀ ਪੱਧਰ ਤੇ ਹੋ ਰਹੇ ਘੋਰ ਵਿਤਕਰੇ ਅਤੇ ਨਾਲ-ਨਾਲ ਔਰਤਾਂ ਦੇ ਹੱਕਾਂ ਦੇ ਉੱਤੇ ਸਦੀਆਂ ਤੋਂ ਹੋ ਰਹੇ ਜ਼ਾਲਮਾਨਾ ਅੱਤਿਆਚਾਰਾਂ ਨੂੰ ਜੋੜ ਕੇ ਇਕ ਨਵੀਂ ਸਿਧਾਂਤਕ ਵਿਉਂਤਬੰਦੀ ਸਿਰਜਦਾ ਨਜ਼ਰ ਆਉਂਦਾ ਹੈ, ਜਿਸ ਦੀ ਖਾਸ ਤੌਰ ਤੇ ਭਾਰਤ ਵਿਚਲੇ ਖੱਬੇ ਪੱਖੀਆਂ, ਸਿਆਸਤਦਾਨਾਂ ਅਤੇ ਖੋਜਾਰਥੀਆਂ ਨੇ ਕੋਈ ਸਾਰ ਨਹੀਂ ਲਈ। ਲਾਲ ਸਿੰਘ ਦਿਲ ਵਾਸਤੇ ਇਨਕਲਾਬ ਦਾ ਆਉਣਾ ਸਿਰਫ ਅਸਾਵੀਂ ਆਰਥਿਕਤਾ ਦੇ ਜੂਲ਼ੇ ਤੋਂ ਨਿਜਾਤ ਹੀ ਨਹੀਂ ਦਿਵਾਉਂਦਾ ਬਲਕਿ ਇਕ ਅਜਿਹੇ ਸਮਾਜ ਦੀ ਵੀ ਉਸਾਰੀ ਕਰਦਾ ਹੈ ਜਿੱਥੇ ਮੁਹੱਬਤ ਅਤੇ ਇਨਸਾਨਾਂ ਦੀ ਵਿਅਕਤੀਗਤ ਪਹਿਚਾਣ ਪੂਰਨ ਤੌਰ ਤੇ ਜਾਤੀ ਪਾਤੀ ਗਲਬੇ ਤੋਂ ਮੁਕਤ ਹੋ ਜਾਂਦੀ ਹੈ।**

ਲਾਲ ਸਿੰਘ ਦਿਲ ਦਾ ਇਨਕਲਾਬੀ ਹੋਣਾ ਉਨਾ ਹੀ ਮਹੱਤਵਪੂਰਨ ਹੈ ਜਿੰਨਾ ਕਿ ਉਸ ਦਾ ਆਪਣੀ ਸੋਚ ਨੂੰ ਪ੍ਰਗਟ ਕਰਨ ਲਈ ਕਵਿਤਾ ਦਾ ਰਾਹ ਚੁਣਨਾ। ਅਸਲ ਵਿਚ ਇਹ ਗੱਲ ਲਾਲ ਸਿੰਘ ਦਿਲ ਬਾਰੇ ਹੀ ਨਹੀਂ ਬਲਕਿ ਸਾਰੀਆਂ ਇਨਕਲਾਬੀ ਲਹਿਰਾਂ ਉੱਤੇ ਲਾਗੂ ਹੁੰਦੀ ਹੈ ਜਿਸ ਵਿਚ ਕਵਿਤਾ ਦਾ ਅਦਬ ਸਥਾਨ ਹੈ। ਇਹ ਵਿਚਾਰ ਇਸੇ ਤਰ੍ਹਾਂ ਪੂਰਨ ਤੌਰ 'ਤੇ ਗਦਰ ਲਹਿਰ ਨੂੰ ਵੀ ਛੂੰਹਦਾ ਹੈ। ਅਗਰ ਅਸੀਂ ਬਹੁਤ ਪਿੱਛੇ ਵੀ ਚਲੇ ਜਾਈਏ ਤਾਂ ਪੂਰੀ ਦੀ ਪੂਰੀ ਭਗਤੀ ਲਹਿਰ ਜਾਂ ਫਿਰ ਉਸ ਤੋਂ ਵੀ ਪਹਿਲਾਂ ਹੋਂਦ ਵਿਚ ਆਏ ਵੇਦ ਅਤੇ ਵੈਦਿਕ ਰਚਨਾਵਾਂ ਸਮੇਤ ਪਤਾਂਜਲੀ ਅਤੇ ਪਾਣਨੀ ਦੀਆਂ ਲਿਖਤਾਂ ਸਾਡੇ ਤੱਕ ਕਵਿਤਾ ਦੇ ਰੂਪ ਵਿਚ ਹੀ ਪਹੁੰਚਦੀਆਂ ਹਨ। ਸਾਰੀ ਗੁਰਬਾਣੀ ਵੀ ਸੰਗੀਤਮਈ ਕਵਿਤਾ ਦੇ ਰੂਪ ਵਿਚ ਉਚਾਰੀ ਗਈ ਹੈ। ਅਜਿਹਾ ਸਭ ਕੁਝ ਭਾਂਪ ਕੇ ਇਵੇਂ ਨਹੀਂ ਲੱਗਦਾ ਕਿ ਜਿਸ ਖਿੱਤੇ ਦੀ ਅਸੀਂ ਗੱਲ ਕਰਦੇ ਹਾਂ, ਕਵਿਤਾ ਉਸ ਦੀ ਰੂਹ ਹੈ। ਜੇ ਇਹ ਸੱਚ ਹੈ ਤਾਂ ਫਿਰ ਇਹ ਵੀ ਸੱਚ ਹੈ ਕਿ ਕਵਿਤਾ ਦੇ ਰਚਣਹਾਰ ਮਹਿਜ਼ ਕਵੀ ਹੀ ਨਾ ਹੋ ਕੇ ਚਿੰਤਨਸ਼ੀਲ, ਯਥਾਰਥਵਾਦੀ, ਵਿਗਿਆਨੀ ਹੋਣ ਦੇ ਨਾਲ-ਨਾਲ ਇਸ ਧਰਤੀ ਉੱਤੇ ਸਮਾਜਿਕ ਬਰਾਬਰਤਾ ਅਤੇ ਹਸਮੁਖ ਇਨਸਾਨਾਂ ਦੀ ਹੋਂਦ ਦੇ ਸਾਰਥੀ/ਇਨਕਲਾਬੀ ਵੀ ਸਨ ਅਤੇ ਹਨ। ਕਵੀਆਂ ਦਾ ਅਜਿਹਾ ਹੋਣਾ ਕਵਿਤਾ ਦੇ ਮਾਨਿਆਂ ਨੂੰ ਬਹੁਤ ਵਿਸ਼ਾਲ ਬਣਾ ਦਿੰਦਾ ਹੈ। ਲਾਲ ਸਿੰਘ ਦਿਲ ਅਜਿਹੇ ਕਵੀਆਂ ਵਿਚੋਂ ਇਕ ਸਨ। ਕਵੀ ਹੋਣਾ, ਸਮਾਜਿਕ ਬਰਾਬਰਤਾ ਦੀ ਗੱਲ ਕਰਨਾ, ਚਿੰਤਨਸ਼ੀਲ ਹੋਣਾ ਅਤੇ ਨਕਸਲਵਾਦੀ ਹੋਣਾ ਸਭ ਸਮਾਨਾਰਥੀ ਸ਼ਬਦ ਹਨ। ਇਨਕਲਾਬੀਆਂ ਦਾ ਕਵੀ ਹੋਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਪੂੰਜੀਵਾਦੀ ਅਨਾਰਕੀ ਦੇ ਉਲਟ ਖੁਸ਼ਹਾਲਤਾ, ਸਮਾਜਿਕ ਬਰਾਬਰਤਾ ਅਤੇ ਸਾਵੀਂ ਆਰਥਿਕਤਾ, ਜੋ ਕਿ ਲੁੱਟ ਖਸੁੱਟ ਤੋਂ ਮੁਕਤ ਹੋਵੇ, ਦੇ ਅਗਰਦੂਤ ਸਨ। ਜਿੱਥੋਂ ਤੱਕ ਕਵੀਆਂ ਦਾ ਅਨਾਰਕੀ ਦੇ ਨਾਲ ਨਾਤਾ ਹੈ ਉਹ ਆਪਸ ਵਿਚ ਇਕ ਅਲੱਗ ਪਹਿਚਾਣ ਰੱਖਦਾ ਹੈ। ਕਵੀ ਹਮੇਸ਼ਾ ਹੀ ਲੁੱਟ-ਖਸੁੱਟ ਦੇ ਵਿਰੁੱਧ ਜਿਹੜਾ ਵਿਧਾਨ ਘੜਿਆ ਹੁੰਦਾ ਹੈ, ਉਸ ਦੇ ਵਿਰੁੱਧ ਆਵਾਜ਼ ਉਠਾ ਕੇ ਅਨਾਰਕੀ ਦਾ ਪਰਚਮ ਲਹਿਰਾਉਂਦਾ ਹੈ। ਲਾਲ ਨੇ ਇਹ ਪਰਚਮ ਆਪਣੀ ਕਵਿਤਾ ਦੇ ਰਾਹੀਂ ਜੱਗ ਜ਼ਾਹਿਰ ਕੀਤਾ ਹੈ। ਇਹੀ ਕਾਰਨ ਹੈ ਕਿ ਜਿਸ ਵੀ ਲਹਿਰ ਜਾਂ ਜਥੇਬੰਦੀ ਦੀ ਪ੍ਰੌੜ੍ਹਤਾ ਕਵਿਤਾ ਵਿਚ ਹੋਣ ਲੱਗ ਪਵੇ ਤਾਂ ਉਹ ਲਹਿਰ/ਜਥੇਬੰਦੀ ਕਵਿਤਾ ਦੇ ਸਹਾਰੇ ਅਮਰ ਹੋ ਜਾਂਦੀ ਹੈ। ਲੋਕਾਂ ਦੇ ਦਿਲਾਂ ਵਿਚ ਘਰ ਕਰ ਜਾਂਦੀ ਹੈ। ਆਪ ਮੁਹਾਰੇ ਜ਼ੁਬਾਨ ਤੇ ਆ ਜਾਂਦੀ ਹੈ।

ਕਵੀ ਲਾਲ ਸਿੰਘ ਦਿਲ ਵੀ ਸਮਾਜਿਕ ਬਰਾਬਰਤਾ ਅਤੇ ਸਾਵੀਂ ਆਰਥਿਕਤਾ ਦਾ ਸੁਪਨਾ ਲੈ ਕੇ ਭਾਰਤ ਵਿਚ ਇਨਕਲਾਬ ਲਿਆਉਣ ਲਈ ਨਕਸਲਬਾੜੀ ਲਹਿਰ ਵਿਚ ਕੁੱਦਿਆ ਸੀ ਜਾਂ ਇਉਂ ਕਹਿ ਲਓ ਕਿ ਲਾਲ ਸਿੰਘ ਦਿਲ ਦੇ ਅੰਦਰ ਅਜਿਹੀ ਲਹਿਰ ਵਿਚ ਸਮ੍ਹਾ ਜਾਣ ਦਾ ਮਜ਼ੂਨ ਪਹਿਲੋਂ ਹੀ ਤਿਆਰ ਹੋਇਆ ਪਿਆ ਸੀ, ਜਿਸ ਨੇ ਪਰਵਾਨੇ ਦੀ ਤਰ੍ਹਾਂ ਲੋ ਵੱਲ ਨੂੰ ਅਚਨਚੇਤ ਖਿੱਚਿਆ ਜਾਣਾ ਸੀ। ਲਾਲ ਸਿੰਘ ਜਿਸ ਲਹਿਰ ਦਾ ਆਪਣੇ ਮਜ਼ੂਨ ਸਦਕਾ ਸਿਰਮੌਰ ਕਵੀ ਹੋ ਨਿੱਬੜਦਾ ਹੈ, ਜੋ ਉਸ ਨੂੰ ਰਾਜਨੀਤਿਕ ਪਛਾਣ ਦੇ ਪੱਧਰ ਦੇ ਮੁਕਾਬਲੇ ਕਈ ਗੁਣਾਂ ਵਿਸ਼ਾ, ਹਰਮਨ ਪਿਆਰੇ ਲੋਕ ਕਵੀ ਵਜੋਂ ਪੇਸ਼ ਕਰਦੀ ਹੈ। ਲਾਲ ਦਾ ਕਵੀ ਹੋਣਾ, ਉਸ ਦਾ ਗਰੀਬ ਪਰਿਵਾਰ ਵਿਚ ਜਨਮ ਲੈਣਾ ਅਤੇ ਅੱਗੋਂ ਉਸ ਪਰਿਵਾਰ ਦਾ ਜਾਤੀ ਪੱਧਰ 'ਤੇ ਹਾਸ਼ੀਆ ਗ੍ਰਸਤ ਹੋਣਾ ਮਹਿਜ਼ ਸੰਜੋਗ ਹੀ ਨਹੀਂ ਬਲਕਿ ਅਟੱਲ ਹੋਣੀ ਹੈ, ਪ੍ਰੰਤੂ ਅਜਿਹੀ ਹੋਣੀ ਜ਼ਰੂਰੀ ਨਹੀਂ ਕਿ ਸਭ ਦੇ ਹਿੱਸੇ ਆਵੇ। ਅਗਰ ਅਜਿਹਾ ਹੁੰਦਾ ਵੀ ਤਾਂ ਫਿਰ ਇਹ ਜ਼ਰੂਰੀ ਨਹੀਂ ਕਿ ਉਸ ਦੀ ਹੋਣੀ ਲਾਲ ਸਿੰਘ ਦਿਲ ਵਾਲੀ ਹੋਣੀ ਹੀ ਹੋਵੇਗੀ। ਲਾਲ ਸਿੰਘ ਦਿਲ ਗਰੀਬਾਂ ਦੀ ਸਭ ਤੋਂ ਥੱਲੜੀ ਜਾਤੀ ਨਾਲ ਸਬੰਧਿਤ ਲੋਕਾਂ, ਜਿਨ੍ਹਾਂ ਨੂੰ ਆਪਣੇ ਹੀ ਘਰ ਵਿਚ ਬੇਗਾਨਾ ਬਣਾ ਕੇ ਛੇਕਿਆ ਗਿਆ ਅਤੇ ਪੀੜਤ ਔਰਤਾਂ ਦੀ ਉਹ ਮਰਦੰਗ ਸੀ ਜਿਹੜੀ ਬ੍ਰਾਹਮਣਵਾਦੀ ਵਰਣ-ਪ੍ਰਥਾ ਤੋਂ ਪ੍ਰੇਰਿਤ ਕਾਣੇ ਸਮਾਜ ਅਤੇ ਲੋਟੂ ਆਰਥਿਕਤਾ ਦੀ ਬੁਰਛਾਗਰਦੀ ਦੇ ਸਿਰ ਸ਼ੰਖ ਬਣ ਕੇ ਜੰਗੀ ਲਹਿਰ ਦੀ ਲਲਕਾਰ ਵਾਂਗੂ ਗਰਜ਼ੀ। ਪਰ ਹਾਂ, ਉਸ ਦੀ ਕਵਿਤਾ ਦੀ ਅਜਿਹੀ ਲਲਕਾਰ ਕਤਈ ਹੀ ਜ਼ਾਲਮਮਈ ਨਹੀਂ ਸੀ। ਉਹ ਤਾਂ ਜ਼ਾਲਮਤਾ ਦੇ ਵਿਰੁੱਧ ਬੁਲੰਦੀ ਦਾ ਪਰਚਮ ਲਹਿਰਾਉਂਦੀ ਹੋਈ ਸਿਰਜਣਾਤਮਕ ਸ਼ਾਂਤੀ ਬਹਾਲ ਕਰਨ ਪ੍ਰਤੀ ਵਚਨਬੱਧ ਸੀ। ਉਸ ਦਾ ਵੇਗ ਬਿਜਲੀ ਵਰਗਾ ਹੁੰਦਾ ਹੋਏ ਵੀ ਸੁੱਤੇ ਸਮੁੰਦਰ ਦੀ ਸਹਿਜ ਵਰਗਾ ਸੀ। ਉਸ ਦੀ ਕਵਿਤਾ ਦਾ ਇਹ ਸਹਿਜਮਈ ਗੁਣ ਲਾਲ ਦੀ ਰਾਜਨੀਤਿਕ ਵਿਚਾਰਧਾਰਾ ਅਤੇ ਸਮਾਜਿਕ ਸਰੋਕਾਰਾਂ ਨੂੰ ਅਲੱਗ ਅਲੱਗ ਨਾ ਪੇਸ਼ ਕਰਦਾ ਹੋਇਆ ਇਕ ਸੁਰ ਵਿਚ ਲੈਅ-ਬੱਧ ਕਰਦਾ ਨਜ਼ਰ ਆਉਂਦਾ ਹੈ। ਇਹੋ ਹੀ ਗੁਣ ਉਸ ਨੂੰ ਖੁਦਕੁਸ਼ੀ ਕਰਨ ਤੋਂ ਜਾਂ ਫਿਰ ਕਿਸੇ ਦਾ ਕਤਲ ਕਰਨ ਤੋਂ ਵੀ ਬਚਾਉਂਦਾ ਆਇਆ ਸੀ। ਉਸ ਨੂੰ ਇਹ ਭਲੀ-ਭਾਂਤ ਖ਼ਬਰ ਸੀ ਕਿ ਜਿਸ ਲੜਾਈ ਵਿਚ ਉਹ ਕੁੱਦ ਚੁੱਕਾ ਹੈ ਉਹ ਲੜਾਈ ਇੰਨੀ ਛੋਟੀ ਨਹੀਂ ਕਿ ਜਿਸ ਦਾ ਬੰਨਾ ਖੁਦਕੁਸ਼ੀਆਂ ਜਾਂ ਕਤਲ ਬੰਨ ਸਕਣ। ਅਜਿਹੀ ਲੜਾਈ ਲੰਮੇ ਦਮ ਦੀ ਪੁਕਾਰ ਕਰਦੀ ਹੈ ਕਿਉਂਕਿ ਇਸ ਲੜਾਈ ਨ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਸਮਾਜਿਕ ਤੌਰ 'ਤੇ ਬੇਦਖ਼ਲ ਕੀਤੇ ਦਲਿਤਾਂ ਅਤੇ ਔਰਤਾਂ ਦੀ ਅਸਹਿ ਦੁੱਖ-ਤਕਲੀਫਾਂ ਦੀ ਤਿੱਖੀ ਨਿਸ਼ਾਨਦੇਹੀ ਕਰਨੀ ਹੈ, ਜਿਸ ਨੂੰ ਦਿਲ ਨੇ ਆਪਣੀ ਕਵਿਤਾ ਦਾ ਸਿਰਸ਼ਕ ਬਣਾ ਕੇ ਲੜਾਈ ਦਾ ਬਿਗਲ ਵਜਾਇਆ। ਦਿਲ ਦਾ ਅਜਿਹਾ ਕਰਨਾ ਉਸ ਨੂੰ ਹਮੇਸ਼ਾ-ਹਮੇਸ਼ਾ ਲਈ ਲੋਕਾਂ ਦੇ ਚੇਤਿਆਂ ਵਿਚ ਪਰੋਈ ਰੱਖੇਗਾ।




ਲਾਲ ਸਿੰਘ ਦਿਲ ਸਮਾਜਿਕ ਤੰਗ ਦ੍ਰਿਸ਼ਟੀ, ਔਰਤ ਪ੍ਰਤੀ ਘੋਰ ਅਨਿਆਇ ਅਤੇ ਜਾਤੀਪਾਤੀ ਦੇ ਕੋਹਣ ਦੇ ਵਿਤਕਰੇ ਵਿਚ ਇਨਕਲਾਬ ਦਾ ਉਤਪੰਨ ਹੋਣਾ ਐਲਾਨਦਾ ਮਹਿਸੂਸ ਹੁੰਦਾ ਹੈ। ਉਹ ਕਾਰਲ ਮਾਰਕਸ ਦੇ ਅਰਥਵਿਵਸਥਾ ਦੇ ਸਿਧਾਂਤ ਦੇ ਨਾਲ ਜਾਤੀ ਪੱਧਰ ਤੇ ਹੋ ਰਹੇ ਘੋਰ ਵਿਤਕਰੇ ਅਤੇ ਨਾਲ-ਨਾਲ ਔਰਤਾਂ ਦੇ ਹੱਕਾਂ ਦੇ ਉੱਤੇ ਸਦੀਆਂ ਤੋਂ ਹੋ ਰਹੇ ਜ਼ਾਲਮਾਨਾ ਅੱਤਿਆਚਾਰਾਂ ਨੂੰ ਜੋੜ ਕੇ ਇਕ ਨਵੀਂ ਸਿਧਾਂਤਕ ਵਿਉਂਤਬੰਦੀ ਸਿਰਜਦਾ ਨਜ਼ਰ ਆਉਂਦਾ ਹੈ, ਜਿਸ ਦੀ ਖਾਸ ਤੌਰ ਤੇ ਭਾਰਤ ਵਿਚਲੇ ਖੱਬੇ ਪੱਖੀਆਂ, ਸਿਆਸਤਦਾਨਾਂ ਅਤੇ ਖੋਜਾਰਥੀਆਂ ਨੇ ਕੋਈ ਸਾਰ ਨਹੀਂ ਲਈ। ਲਾਲ ਸਿੰਘ ਦਿਲ ਵਾਸਤੇ ਇਨਕਲਾਬ ਦਾ ਆਉਣਾ ਸਿਰਫ ਅਸਾਵੀਂ ਆਰਥਿਕਤਾ ਦੇ ਜੂਲ਼ੇ ਤੋਂ ਨਿਜਾਤ ਹੀ ਨਹੀਂ ਦਿਵਾਉਂਦਾ ਬਲਕਿ ਇਕ ਅਜਿਹੇ ਸਮਾਜ ਦੀ ਵੀ ਉਸਾਰੀ ਕਰਦਾ ਹੈ ਜਿੱਥੇ ਮੁਹੱਬਤ ਅਤੇ ਇਨਸਾਨਾਂ ਦੀ ਵਿਅਕਤੀਗਤ ਪਹਿਚਾਣ ਪੂਰਨ ਤੌਰ ਤੇ ਜਾਤੀ ਪਾਤੀ ਗਲਬੇ ਤੋਂ ਮੁਕਤ ਹੋ ਜਾਂਦੀ ਹੈ। ਜਿੱਥੇ ਉਸ ਨੂੰ ਇਹ ਨਹੀਂ ਕਹਿਣਾ ਪਵੇਗਾ, "ਮੈਨੂੰ ਪਿਆਰ ਕਰਦੀਏ ਪਰਜਾਤ ਕੁੜੀਏ, ਸਾਡੇ ਸਕੇ ਮੁਰਦੇ ਵੀ- ਇਕ ਥਾਂ ਤੇ ਨਹੀਂ ਜਲਾਉਂਦੇ।'' ਲਾਲ ਸਿੰਘ ਦਿਲ ਦੇ ਆਰਦਸ਼ੀ ਸਮਾਜ ਵਿਚ ਕਿਸੇ ਨੂੰ ਇਸ ਕਰਕੇ ਪੀੜਤ ਨਹੀਂ ਹੋਣਾ ਪਵੇਗਾ ਕਿ ਉਸ ਦੇ ਜੂਠੇ ਗਲਾਸ ਨੂੰ ਉਸ ਦੀ ਮਹਿਬੂਬਾ ਦੀ ਮਾਂ ਅੱਗ 'ਚ ਤਪਾ ਕੇ ਭਿੱਟ ਨਸ਼ਟ ਕਰਦੀ ਹੈ ਜਾਂ ਫਿਰ ਪੁਲਿਸ ਦਾ ਦੂਹਰਾ ਦਮਨ ਝੱਲਣਾ ਪੈਂਦਾ ਹੈ: ਨਾਲੇ ਕੁੱਟ ਅਤੇ ਨਾਲੇ ਜ਼ਹਿਰ ਭਰੇ ਬੋਲ "ਦੇਈਏ ਤੁਹਾਨੂੰ ਜ਼ਮੀਨਾਂ ਚਮਾਰੋ?'' ਲਾਲ ਸਿੰਘ ਦਿਲ ਦੀ ਕਵਿਤਾ ਦੇ ਵਿਚ ਉਸ ਦਾ ਅੰਦਰਲਾ ਤੋਤਾ ਬੋਲਦਾ ਸਾਫ-ਸਾਫ ਨਜ਼ਰ ਆਉਂਦਾ ਹੈ। ਉਸ ਨੇ ਆਪਣੇ ਅੰਦਰਲੇ ਤੋਤੇ ਨੂੰ ਆਜ਼ਾਦ ਕੀਤਾ ਹੋਇਆ ਹੈ। ਜਿਹੜਾ ਕਿ ਸਮਾਜ ਦੀਆਂ ਤਮਾਮ ਬੰਦਸ਼ਾਂ ਨੂੰ ਚੀਰਦਾ ਹੋਇਆ ਬਾਹਰਲੇ ਰੌਲੇ ਨੂੰ ਲਗਾਤਾਰ ਚੁੱਪ ਕਰਾਉਂਦਾ ਨਜ਼ਰ ਆਉਂਦਾ ਹੈ। ਦੂਸਰੇ ਸ਼ਬਦਾਂ ਵਿਚ ਲਾਲ ਸਿੰਘ ਦਿਲ ਦੀ ਕਵਿਤਾ ਭਾਰਤ ਵਿਚਲੀ ਜਾਤੀ ਪਾਤੀ ਕੋਹੜ ਦੇ ਨਿਜ਼ਾਮ ਦੀ ਸਾਫ-ਸਾਫ ਗੱਲ ਕਰਦੀ ਹੈ ਜਿਹੜੀ ਲਾਲ ਸਿੰਘ ਦਿਲ ਨੂੰ ਆਪਣੇ ਸਮਕਾਲੀ ਅਤੇ ਆਪਣੇ ਤੋਂ ਪਹਿਲਾਂ ਹੋਏ ਕਵੀਆਂ ਤੋਂ ਅਲੱਗ ਪੇਸ਼ ਕਰਦੀ ਹੈ। ਅਮਰਜੀਤ ਚੰਦਨ ਨੇ ਸਹੀ ਹੀ ਲਿਖਿਆ ਹੈ ਕਿ "ਲਾਲ ਸਿੰਘ ਦਿਲ ਚਮਾਰਾਂ ਦੇ ਘਰ ਜੰਮਿਆ, ਇਹ ਗੱਲ ਇਹਦੀ ਕਵਿਤਾ ਵਿਚ ਕਈ ਥਾਈਂ ਆਈ ਹੈ। ਸਵੈ ਜੀਵਨੀ ਵਿਚ ਇਹਨੇ ਆਪਣੇ ਵਿਹੜੇ, ਸਕੂਲ ਤੇ ਨਕਸਲੀ ਪਾਰਟੀ ਤੇ ਫਿਰ ਪੁਲਿਸ ਦੇ ਜਾਤ ਅਭਿਮਾਨ ਬਾਰੇ ਖੁੱਲ੍ਹ ਕੇ ਲਿਖਿਆ ਹੈ।''

ਦਿਲ ਦੀ ਕਵਿਤਾ 'ਏ ਕਰਕੇ ਰੋਟੀ ਮੰਗਦੇ, ਤੇ ਹੈਂ ਜੀ ਹੈਂ ਜੀ ਕਰਦੇ, 'ਜਲ ਦੀ ਪਿਆਸ ਨੂੰ ਪੀਣ ਵਾਲੇ', 'ਮੋਢਿਆਂ' 'ਤੇ ਚੁੱਕੀ ਫਿਰਦੇ ਕੁੱਲੀਆਂ ਦੇ ਬਾਂਸ', ਪਤੀਲਿਆਂ 'ਚ ਲਈ ਫਿਰਦੇ ਮਾਵਾਂ ਦੇ ਪੁੱਤ, 'ਗਧਿਆਂ' 'ਤੇ ਬੈਠੇ 'ਸੱਪਾਂ ਵਾਲੇ', 'ਛੱਜਾਂ ਵਾਲੇ', 'ਪੱਥਰ ਢਾਉਂਦੇ', 'ਢੋਲ ਵਜਾਉਂਦੇ', 'ਝੋਲੀਆਂ ਝੋਲੀਆਂ ਬਾਤਾਂ ਪਾਉਂਦੇ', 'ਬੱਠਲ ਵੇਚਣ ਵਾਲੇ', 'ਮੈਲ ਕੱਢਣ ਵਾਲੇ', 'ਕੱਛੂ ਫੜਨ ਵਾਲੇ', 'ਵਾਸਣਾ', ਵੇਸਵਾਵਾਂ', 'ਬਗਾਲੇ ਸਾਹਸੀ' ਅਤੇ 'ਭੀਲਾਂ' ਦੇ ਨਿੱਕੇ ਮੋਟੇ ਲਾਰਿਆਂ ਦੀ ਪਰਿਕਰਮਾ ਕਰਦੀ ਨਜ਼ਰ ਆਉਂਦੀ ਹੈ। ਉਸ ਦੀ ਕਵਿਤਾ ਜਿੱਥੇ ਗਰੀਬੀ ਨੂੰ ਦੰਦੀਆਂ ਝੁਕਾਉਂਦੀ ਹੈ, ਉਥੇ ਜਾਤੀ ਅਪਮਾਨ ਦਾ ਭਾਂਡਾ ਵੀ ਭੰਨਦੀ ਹੈ। ਉਸ ਦੀ ਕਵਿਤਾ ਇਹ ਦਾਅਵਾ ਕਰਦੀ ਹੈ ਕਿ ਜੇ ਇਸ ਧਰਤ 'ਤੇ ਵਸਦੇ ਝੰਬੇ-ਭਿੱਟੇ ਦਲਿਤਾਂ ਅਤੇ ਔਰਤਾਂ ਦੀ ਦਾਸਤਾਨ ਦਾ ਕਿਧਰੇ ਦੂਜੇ ਸਿਤਾਰੇ ਦੇ ਲੋਕਾਂ ਨੂੰ ਪਤਾ ਲੱਗ ਜਾਵੇ ਤਾਂ ਉਹ ਪੱਥਰ ਹੋ ਜਾਵਣ ਅਤੇ ਜੇਕਰ ਪਸ਼ੂਆਂ ਨੂੰ ਇਸਦਾ ਅਨੁਭਵ ਹੋ ਜਾਵੇ ਤਾਂ ਉਹ ਜੰਗਲਾਂ ਵੱਲ ਭੱਜ ਜਾਵਣ। ਲਾਲ ਦੀ ਕਵਿਤਾ 'ਬ੍ਰਾਹਮਣਵਾਦੀ' ਜਲਵੇ ਵਾਲੀ ਉਸ ਵਿਵਸਥਾ ਦਾ ਜ਼ਿਕਰ ਕਰਦੀ ਹੈ, ਜਿਸ ਨੇ ਮਨੁੱਖ ਨੂੰ ਉਸ ਦੀ ਮਨੁੱਖਤਾ ਤੋਂ ਵੰਚਿਤ ਕਰ ਦਿੱਤਾ ਹੈ। ਅਸਲ ਵਿਚ ਲਾਲ ਸਿੰਘ ਦਿਲ ਭਾਰਤ ਦਾ ਪਹਿਲਾ ਕਵੀ ਹੈ ਜਿਸ ਨੇ ਉਹਨਾਂ ਲੋਕਾਂ ਦੀ ਗੱਲ ਕੀਤੀ ਹੈ, ਜਿਨ੍ਹਾਂ ਉੱਤੇ ਪਰਾਏ ਅਤੇ ਬਾਹਰੋਂ ਆਏ ਆਰੀਆ ਧਾੜਵੀਆਂ ਨੇ ਇੰਨੇ ਸਿਤਮ ਢਾਏ ਕਿ ਉਹਨਾਂ ਦੇ ਅਸਲੇ ਦੀ ਪਹਿਚਾਣ ਹੀ ਗਵਾ ਕੇ ਰੱਖ ਦਿੱਤੀ। ਉਹਨਾਂ ਦੇ ਇਤਿਹਾਸ, ਉਹਨਾਂ ਦੇ ਲੋਕ-ਨਾਇਕ ਅਤੇ ਹੋਰ ਸਭ ਸੱਭਿਆਚਾਰਕ ਨਿਸ਼ਾਨ-ਚਿੰਨ੍ਹਾਂ ਦਾ ਮਲੀਆਮੇਟ ਕਰ ਦਿੱਤਾ। ਲਾਲ ਦੇ ਵੇਲੇ ਅਤੇ ਅੱਜਕੱਲ੍ਹ ਵੀ ਗਧੇ ਲਈ ਫਿਰਦੇ, ਝਿੜਕਾਂ ਖਾਂਦੇ, ਪਿੰਡੋ-ਪਿੰਡ ਤੇ ਜੰਗਲੋ-ਜੰਗਲੀ ਖੱਜਲ-ਖੁਵਾਰ ਹੁੰਦੇ ਅਤੇ ਲਾਰੇ ਬਣਾ-ਬਣਾ ਰਹਿੰਦੇ, ਭੁੱਖਾਂ ਦੇ ਮਾਰੇ ਇਹ ਉਹੀ ਨਾਗ ਲੋਕ ਹਨ ਜੋ ਆਰੀਆ ਦੇ ਆਉਣ ਤੋਂ ਪਹਿਲਾਂ ਇਸ ਧਰਤੀ ਦੇ ਕਦੇ ਰਾਜੇ ਅਤੇ ਰਾਣੀਆਂ ਹੋਇਆ ਕਰਦੇ ਸਨ, ਜਿਨ੍ਹਾਂ ਨੂੰ ਆਰੀਆ ਸਮਾਜ ਆਪਣੇ ਵਿਚ ਆਤਮਸਾਤ ਕਰਨ 'ਚ ਅਸਫਲ ਰਿਹਾ ਹੈ, ਤੇ ਜਿਨ੍ਹਾਂ ਨੇ ਬ੍ਰਾਹਮਣਵਾਦ ਦੀ ਅਧੀਨਗੀ ਕਦੇ ਵੀ ਕਬੂਲ ਨਹੀਂ ਕੀਤੀ। ਇਹੀ ਲੋਕ ਜਿਨ੍ਹਾਂ ਨੂੰ ਸਮੇਂ ਦੀ ਸਿਆਸਤ ਅਤੇ ਬ੍ਰਾਹਮਣਵਾਦੀ ਵਿਧਾਨ ਨੇ ਮਨੁੱਖਾਂ ਤੋਂ ਅਛੂਤ, ਪੰਚਮ, ਢੇਡ, ਪੇਰੀਆ, ਚੰਡਾਲ, ਹਰੀਜਨ ਅਤੇ ਦਲਿਤ ਆਦਿ ਬਣਾ ਦਿੱਤਾ, ਲਾਲ ਸਿੰਘ ਦਿਲ ਦੀ ਕਵਿਤਾ ਦਾ ਸ਼ਿੰਗਾਰ ਬਣਦੇ ਹਨ। ਇਹਨਾਂ ਲੋਕਾਂ ਦਾ ਦੇਸ਼, ਘਰ, ਸਲਤਨਤ, ਲੀਡਰ, ਭਰਾ, ਸੱਜਣ, ਕੁੜੀ, ਮਾਂ, ਪੁੱਤ ਕੁਝ ਵੀ ਆਪਣਾ ਨਹੀਂ। ਇਹ ਉਹ ਸਬਾਲਟਰਨਜ਼ ਹਨ (ਸਮਾਜ ਦੀਆਂ ਸਭ ਤੋਂ ਹੇਠਲੀਆਂ ਸਫ਼ਾਂ 'ਤੇ ਬੈਠੇ ਹੋਏ), ਜਿਨ੍ਹਾਂ ਨੂੰ ਸੱਤਾਧਾਰੀਆਂ ਤੋਂ ਕੋਈ ਆਸ ਵੀ ਨਹੀਂ ਹੈ। ਲਾਲ ਆਪਣੀ ਕਵਿਤਾ ਵਿਚ ਇਹਨਾਂ ਦੀ ਅਗਵਾਈ ਕਰਦਾ ਕਹਿੰਦਾ ਹੈ ਕਿ ਹੁਣ ਇਹਨਾਂ ਨੂੰ ਕਿਸੇ ਰਹਿਮ 'ਤੇ ਕੁਝ ਵੀ ਮਨਜ਼ੂਰ ਨਹੀਂ। ਲਾਲ ਇਹਨਾਂ ਲੋਕਾਂ ਨਾਲ ਇਕਮਿਕ ਹੋ ਕੇ ਆਪਣੀ ਕਵਿਤਾ ਵਿਚ ਗਰਜਦਾ ਹੈ ਕਿ ਸੱਤਾ ਵਾਲਿਓ "ਤੁਸੀਂ ਸਾਨੂੰ ਰਤਾ ਇਹ ਦੱਸੋ ਕਿ ਤੁਸੀਂ ਸਾਡੇ ਲਈ ਕੁਝ ਕਰਨ ਵਾਲੇ ਕੌਣ ਹੁੰਦੇ ਹੋ?'' ਲਾਲ ਸਿੰਘ ਦਿਲ ਲਾਰਿਆਂ ਵਾਲਿਆਂ ਦੇ ਵਿਰੋਧੀਆਂ ਨੂੰ ਮੁਖਾਤਬ ਹੁੰਦਾ ਹੋਇਆ ਕਹਿੰਦਾ ਹੈ, "ਉਹ ਤਾਂ ਸਾਨੂੰ ਸੁੱਟਦੇ ਨੇ ਸਾਵੀ ਲਚਕੀਲੀ ਕਾਹੀ ਵਿਚ ਜਾਂ ਪਹਾੜੀ ਕਿੱਕਰਾਂ ਦੀ ਮਹਿਕ ਵਿਚ ਅਸੀਂ ਉਹਨਾਂ ਨੂੰ ਨਾਲੀਆਂ 'ਚ ਗੋਹਿਆਂ 'ਚ ਕੁੱਤਿਆਂ ਥੀਂ ਲੋਕਾਂ ਦੀਆਂ ਜੁੱਤੀਆਂ ਦੇ ਹੇਠੋਂ ਘੜੀਸਾਂਗੇ।'' ਲਾਲ ਇਨ੍ਹਾਂ ਦੱਬੇ-ਕੁਚਲੇ ਲੋਕਾਂ ਲਈ ਥਾਂ-ਥਾਂ 'ਚ ਗੋਰੀਲੇ ਖੜ੍ਹੇ ਕਰਨ ਦੀ ਗੱਲ ਕਰਦਾ ਹੈ। ਲਾਲ ਸਿੰਘ ਦਿਲ ਦੀ ਕਵਿਤਾ ਦਾ ਇਹ ਪਹਿਲੂ ਜਿਨ੍ਹਾਂ ਅਤਿ ਦਲਿਤਾਂ ਦੀ ਗੱਲ ਕਰਦਾ ਹੈ ਉਹ ਤਾਂ ਬਾਬਾ ਸਾਹਿਬ ਡਾ. ਅੰਬੇਦਕਰ ਦੁਆਰਾ ਸੰਵਿਧਾਨ ਵਿਚ ਦਿਲਵਾਏ ਗਏ ਅਧਿਕਾਰਾਂ ਦੀਆਂ ਧਾਰਾਵਾਂ ਤੋਂ ਵੀ ਸੱਖਣੇ ਹਨ। ਇਹ ਲਾਲ ਸਿੰਘ ਦਿਲ ਦੀ ਕਵਿਤਾ ਦੀ ਪ੍ਰਾਪਤੀ ਹੈ ਕਿ ਉਸ ਨੇ ਇਹਨਾਂ ਲੋਕਾਂ ਦੇ ਦੁੱਖਾਂ ਨੂੰ ਸ਼ਬਦਾਂ ਵਿਚ ਲਿਆਉਣ ਦੀ ਪਹਿਲ ਕਦਮੀ ਕਰਨ ਦੀ ਹਿੰਮਤ ਕੀਤੀ। ਲਾਲ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਇਨਕਲਾਬੀ ਕਵੀ ਨੇ ਇਹਨਾਂ ਲੋਕਾਂ ਦੀ ਇੰਨੀ ਸ਼ਿੱਦਤ ਨਾਲ ਗੱਲ ਕੀਤੀ ਹੋਵੇ। ਅਸਲ ਵਿਚ ਇਹ ਲਾਰਿਆਂ ਵਾਲੇ ਲੋਕ ਤਾਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਨਵਾਂ ਸੰਵਿਧਾਨ ਘੜਨ ਵੇਲੇ ਵੀ ਅਣਗੌਲੇ ਹੀ ਰਹੇ। ਇਹਨਾਂ ਨੂੰ ਤਾਂ ਲਾਲ ਸਿੰਘ ਦਿਲ ਵਰਗੇ ਕਵੀ ਦੀ ਅੱਖ ਹੀ ਪਰਖ ਸਕਦੀ ਸੀ ਅਤੇ ਇਹਨਾਂ ਨੂੰ ਸਦੀਆਂ ਤੋਂ ਮੌਲਿਕ ਅਧਿਕਾਰਾਂ ਤੋਂ ਵੰਚਿਤ ਬਣਦਾ ਸਰਦਾ ਸਥਾਨ ਦਿਵਾ ਸਕਦੀ ਸੀ ਪਰ ਅਜਿਹੀ ਹੋਣੀ ਇਹਨਾਂ ਦੇ ਹਿੱਸੇ ਨਹੀਂ ਆਈ। ਲਾਲ ਸਿੰਘ ਦਿਲ ਨੇ ਇਹਨਾਂ ਲਾਰੇ ਵਾਲਿਆਂ ਦੀ ਆਪਣੀ ਕਵਿਤਾ ਵਿਚ ਗੱਲ ਕਰਕੇ ਭਾਰਤ ਸਰਕਾਰ ਨੂੰ ਇਕ ਬਹੁਤ ਵੱਡੀ ਚੁਣੌਤੀ ਦਿੱਤੀ ਹੈ ਕਿ ਕਿਵੇਂ ਆਜ਼ਾਦੀ ਤੋਂ ਬਾਅਦ ਵੀ ਧਨਾਢਾਂ ਦਾ ਇੰਡੀਆ ਆਪਣੇ ਅਸਲੀ ਬਸ਼ਿੰਦਿਆਂ ਜੋ ਕਿ ਭਾਰਤ ਨੂੰ ਸੰਗਠਿਤ ਕਰਦੇ ਹਨ, ਅੱਖੋਂ ਓਹਲੇ ਰੱਖੀ ਬੈਠਾ ਹੈ।

ਲਾਲ ਸਿੰਘ ਦਿਲ ਦੀ ਮਿਆਰੀ ਅਤੇ ਨਿਆਰੀ ਕਵਿਤਾ ਦਾ ਦੂਸਰਾ ਪਹਿਲੂ ਹੈ ਔਰਤ। ਲਾਲ ਵਾਸਤੇ ਔਰਤ ਮਹਿਜ਼ ਇਕ ਪ੍ਰਾਣੀ ਹੀ ਨਹੀਂ ਉਹ ਤਾਂ ਉਸ ਵਾਸਤੇ ਇਕ ਬਹੁਤ ਵੱਡਾ ਆਦਰਸ਼ ਹੈ। ਜਿਸ ਨੂੰ ਉਹ ਧਰਤੀ ਦੀ ਵਿਸ਼ਾਲਤਾ ਦੇ ਨਾਲ ਸੰਬੋਧਿਤ ਹੁੰਦਾ ਹੈ। ਲਾਲ ਦੀਆਂ ਕਵਿਤਾਵਾਂ ਵਿਚ ਔਰਤ ਦਾ ਗ਼ਮ ਨਿਰਾ ਜਿਨਸ ਦਾ ਨਾ ਹੋ ਕੇ ਸਗੋਂ ਹਸਤੀ ਦਾ ਹੋ ਕੇ ਪੇਸ਼ ਹੋਇਆ ਨਜ਼ਰ ਆਉਂਦਾ ਹੈ। ਲਾਲ ਔਰਤ ਨੂੰ ਧਰਤੀ ਦਾ ਇਕ ਅਜੂਬਾ ਮੰਨਦਾ ਹੈ, ਜਿਸ ਨੇ ਧਰਤੀ ਆਪਣੇ ਹੱਥ ਉੱਤੇ ਚੁੱਕੀ ਹੋਈ ਹੈ। ਅਮਰਜੀਤ ਚੰਦਨ ਨੇ ਠੀਕ ਹੀ ਲਿਖਿਆ ਹੈ ਕਿ ਜਿਵੇਂ ਲਾਲ ਔਰਤ ਹੋਣ ਦੇ ਦਰਦ ਨੂੰ ਬਿਆਨ ਕਰਦਾ ਹੈ, ਉਹ ਲਾਸਾਨੀ ਹੈ। ਡਾ. ਸੁਖਦੇਵ ਸਿੰਘ ਦੇ ਸ਼ਬਦਾਂ ਵਿਚ, "ਲਾਲ ਸਿੰਘ ਦਿਲ ਦੇ ਕਾਵਿ-ਲੋਕ ਵਿਚ ਪੇਸ਼ ਔਰਤ ਦਾ ਬਿੰਬ ਸਾਡੇ ਅਵਚੇਤਨ ਵਿਚ ਸਥਿਤ ਔਰਤ ਦੇ ਬਿੰਬ ਨਾਲੋਂ ਬਹੁਤ ਵੱਖਰਾ ਹੈ- ਉਹ ਨਾ ਸਨਾਤਨੀ ਸੁਹਜ ਦੀ ਮੂਰਤ ਹੈ, ਜੋ ਸ਼ਿੰਗਾਰ-ਰਸੀ ਸਾਹਿਤ ਦੀ ਨਾਇਕਾ/ਕਾਮਣੀ ਵਾਂਗ ਸਾਡੀ ਰੱਤੀ ਭਾਵਨਾ ਦੀ ਸਹਿਜ ਤ੍ਰਿਪਤੀ ਕਰ ਸਕੇ, ਨਾ ਬੀਰਬਾਨੀ 'ਦੁਰਗਾ' ਹੈ ਜੋ ਆਪਣੀ ਤੇ ਹੋਰ ਕਮਜ਼ੋਰ ਧਿਰਾਂ ਦੀ ਰਾਖੀ ਕਰ ਸਕਦੀ ਹੋਵੇ ਅਤੇ ਨਾ ਹੀ ਪ੍ਰਗਤੀਵਾਦੀ ਕਾਵਿ ਵਿਚਲੀ ਚੇਤਨ ਸੰਘਰਸ਼ਸ਼ੀਲ ਨਾਰੀ ਹੈ ਜੋ ਮੌਜੂਦਾ ਅਨਿਆਇਸ਼ੀਲ ਵਿਵਸਥਾ ਦੀਆਂ ਗੁੰਝਲਦਾਰ ਪਰਤਾਂ ਨੂੰ ਸਮਝਣ ਤੇ ਵੰਗਾਰਨ ਦੀ ਸਮਰੱਥਾ ਰੱਖਦੀ ਹੈ। ਦਿਲ ਦੇ 'ਨਾਗ-ਲੋਕ' ਵਿਚਲੀ ਔਰਤ ਮਾਸੂਮ, ਅਬੋਧ ਅਤੇ ਹੰਭੀ-ਹਾਰੀ ਲੋਕਾਈ ਦੀ ਪ੍ਰਤੀਕ ਹੈ, ਜੋ ਦਮਨਕਾਰੀ ਵਿਵਸਥਾ ਦੇ ਜ਼ਹਿਰ ਨੂੰ ਆਪਣੀ 'ਹੋਣੀ' ਸਮਝ ਕੇ ਪੀਣ ਲਈ ਬੇਵੱਸ ਹੈ।'' ਡਾ. ਸਰਬਜੀਤ ਸਿੰਘ ਅਨੁਸਾਰ, "ਲਾਲ ਸਿੰਘ ਦਿਲ ਦੀ ਕਵਿਤਾ ਵਿਚ ਔਰਤ ਪੀੜਤ, ਪਸਤ ਲੋਕਾਈ ਦਾ ਅਟੁੱਟ ਅੰਗ ਬਣ ਕੇ ਸਾਹਮਣੇ ਆਉਂਦੀ ਹੈ ਜੋ ਹਮਦਰਦੀ ਜਾਂ ਤਰਸ ਦੀ ਪਾਤਰ ਨਹੀਂ ਸਗੋਂ ਬਰਾਬਰ ਦੀ ਹੋਂਦ ਦੀ ਅਧਿਕਾਰੀ ਹੈ।'' ਲਾਲ ਜਿਨ੍ਹਾਂ ਔਰਤਾਂ ਦੀ ਗੱਲ ਕਰਦਾ ਹੈ ਉਹ ਪੁਰਾਣੇ ਤੇ ਸਸਤੇ ਕੱਪੜਿਆਂ ਅਤੇ ਸਸਤੇ ਸਾਬਣ ਕ੍ਰੀਮ ਦੀ ਮਹਿਕ ਮਾਣਦੀਆਂ, ਬੇਰ ਚੁਗਦੀਆਂ ਨਿਰਵਸਤਰ ਕੁੜੀਆਂ, ਧਰਤੀ ਨੂੰ ਹੱਥਾਂ 'ਤੇ ਚੁੱਕੀ ਖੜੀਆਂ, ਮਿੱਟੀ ਦੀਆਂ ਰੋਟੀਆਂ ਬਣਾਉਂਦੀਆਂ, ਭਾਂਡੇ 'ਚੋਂ ਲੂਣ ਝਾੜਦੀਆਂ, ਪੱਥਰ ਦੀ ਨਿਆਈਂ ਜੁਆਨੀ ਕੁੱਟਦੀਆਂ, ਜੀਵਨ ਦੇ ਚਿੱਕੜ 'ਚ ਜੂਝਦੀਆਂ, ਖੁਰਲੀਆਂ ਸੰਭਰਦੀਆਂ, ਗੋਹੇ ਚੁਕਦੀਆਂ, ਕੰਚਨ ਦੇਹ ਨੂੰ ਸਾੜਦੀਆਂ, ਕਾਲੇ-ਕਾਲੇ ਸੂਟ ਪਹਿਨੀ ਮਜ਼ੂਰੀ ਕਰਦੀਆਂ, ਝੋਲਿਆਂ 'ਚ ਬੱਚੇ ਚੁੱਕੀ ਫਿਰਦੀਆਂ, ਘੋੜੇ ਚਾਰਨ ਵਾਲੀਆਂ, ਕੁੜੇਲੀ ਦੀਆਂ ਵਾਸਣਾਂ, ਜਿਨ੍ਹਾਂ ਦੀ ਅਤੇ ਧਰਤੀ ਦੀ ਪੀੜ ਇਕ ਹੈ, ਇਸ ਧਰਤੀ ਦੀਆਂ ਮੂਲ ਆਦਿ-ਵਾਸਣਾਂ ਹਨ। ਲਾਲ ਆਦਿਵਾਸਣਾਂ, ਬਾਸ਼ਿੰਦਿਆਂ, ਵੇਸ਼ਵਾਵਾਂ ਤ੍ਰੀਮਤਾਂ ਕੁੜੀਆਂ ਨੂੰ, ਮਾਵਾਂ, ਭੈਣਾਂ ਅਤੇ ਧੀਆਂ ਆਖ ਕੇ ਮੁਖ਼ਾਤਬ ਹੁੰਦਾ ਹੈ। ਇਹੋ ਪੂਰੇ ਭਾਰਤ ਸਮੇਤ ਵੱਡੇ ਪੂੰਜੀਦਾਰਾਂ ਦੀਆਂ ਵੀ ਮਾਵਾਂ, ਭੈਣਾਂ ਤੇ ਧੀਆਂ ਹਨ। ਲਾਲ ਇਹ ਕਹਿੰਦਾ ਮਹਿਸੂਸ ਹੁੰਦਾ ਹੈ ਕਿ ਜੇ ਵੱਡੇ ਪੂੰਜੀਦਾਰਾਂ ਨੇ ਇਨ੍ਹਾਂ ਪ੍ਰਤੀ ਮਾਵਾਂ, ਭੈਣਾਂ ਵਾਲਾ ਸਲੂਕ ਛੱਡ ਕੇ ਵਹਿਸ਼ੀਪਣ ਚੁਣਨਾ ਹੈ ਤਾਂ ਫਿਰ ਇਹੀ ਤ੍ਰੀਮਤਾਂ ਆਉਣ ਵਾਲੇ ਇਨਕਲਾਬ ਦੀਆਂ ਮਾਵਾਂ, ਭੈਣਾਂ ਤੇ ਧੀਆਂ ਉਸ ਦਿਨ ਦੀ ਉਡੀਕ ਵਿਚ ਹਨ ਜਦੋਂ ਉਹਨਾਂ ਦੇ ਵੀਰ ਜਾਗਣਗੇ, ਜਵਾਨ ਹੋਣਗੇ, ਚਾਰਨਗੇ ਘੋੜੇ ਅਤੇ ਚੁਗਣਗੇ ਕਮਾਨ। ਲਾਲ ਸਿੰਘ ਦਿਲ ਦੀਆਂ ਘੋੜੇ ਚਾਰਨ ਵਾਲੀਆਂ ਇਹ ਕੁੜੀਆਂ ਜ਼ਮੀਨ ਫੜਨ ਦੀ ਚ੍ਹਾ ਰੱਖਦੀਆਂ ਹੋਈਆਂ ਜਦ ਕਦੇ ਖੁਸ਼ੀ ਦੇ ਬੱਠਲ ਭਰੀਆਂ ਬੜਕ ਮਾਰਦੀਆਂ ਹਨ ਤਾਂ ਬਹੁਤ ਕੁਝ ਵਗ੍ਹਾ ਦੇਣ ਦੀ ਹਿੰਮਤ ਰੱਖਦੀਆਂ ਹਨ। ਇਹ ਕਦੇ ਰਾਣੀਆਂ ਸਨ ਜਿਨ੍ਹਾਂ ਨੇ ਜੰਗਲਾਂ 'ਚ ਨੌਕਰ ਵਿਆਹੇ। ਇਹ ਜਾਣਦੀਆਂ ਹਨ ਕਿ ਚੋਰਾਂ ਦੇ ਕੱਪੜੇ ਕਾਲੇ ਹੋਂਵਦੇ ਫਿਰ ਵੀ ਉਹ ਕਾਲਾ ਪਹਿਨਦੀਆਂ ਹਨ। ਇਹ ਵੇਸਵਾ ਤ੍ਰੀਮਤਾਂ ਹੀ ਇਹ ਧਰਤੀ ਦਾ ਇਕ ਅਜੂਬਾ ਹਨ ਜਿਨ੍ਹਾਂ ਕਰਕੇ ਧਰਤੀ ਦੇ ਪਾਣੀ ਨਿਰਮਲ ਅਤੇ ਠੰਢੇ ਹਨ ਅਤੇ ਇਸ ਦੇ ਹੰਝੂਆਂ ਕਰਕੇ ਸਾਗਰ ਖਾਰੇ ਹਨ। ਦਿਲ ਨੇ ਆਪਣੀਆਂ ਕਵਿਤਾਵਾਂ ਵਿਚ ਜਿਸ ਤਰ੍ਹਾਂ ਔਰਤ ਦਾ ਨਕਸ਼ਾ ਉਕਰਿਆ ਹੈ ਉਹ ਸ਼ਾਇਦ ਹੀ ਪਹਿਲਾਂ ਕਿਸੇ ਕਵੀ ਦੀ ਸੰਵੇਦਨਸ਼ੀਲਤਾ ਦਾ ਬਿੰਦੂ ਬਣਿਆ ਹੋਵੇ। ਲਾਲ ਦਾ ਔਰਤ ਨੂੰ ਨਿਰਮਲ ਤੇ ਠੰਢੇ ਪਾਣੀ ਨਾਲ ਸੰਬੋਧਿਤ ਹੋਣਾ ਅਤੇ ਉਸ ਦੇ ਦੁੱਖਾਂ ਨੂੰ ਸਾਗਰ ਦੇ ਖਾਰੇ ਪਾਣੀ ਦੇ ਰਾਹੀਂ ਸਿੰਬੋਲਾਈਜ਼ ਕਰਨਾ ਆਪਣੇ ਆਪ ਵਿਚ ਇਕ ਪਹਿਲ ਕਦਮੀ ਤਾਂ ਹੈ ਹੀ ਇਸ ਤੋਂ ਇਲਾਵਾ ਫੈਮੀਨਿਸਟ ਡਿਸਕੋਰਸ ਵਿਚ ਇਕ ਨਵੀਂ ਦਿੱਖ ਦਾ ਪ੍ਰਗਟਾਵਾ ਹੈ।

ਜਿਨ੍ਹਾਂ ਔਰਤਾਂ ਦੀ ਉਹ ਗੱਲ ਕਰਦਾ ਹੈ ਉਹ ਨਾ

(ਬਾਕੀ ਅਗਲੇ ਸਫੇ ਤੇ)

# ਭਗਵਾਨ ਵਾਲਮੀਕ ਤੀਰਥ (ਅੰਮ੍ਰਿਤਸਰ) ਵਿਖੇ 115 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਮੰਦਰ ਦੇ ਪ੍ਰਾਜੈਕਟ ਨੂੰ ਪ੍ਰਵਾਨਗੀ

## ਮੁੱਖ ਮੰਤਰੀ ਸ. ਬਾਦਲ ਵੱਲੋਂ ਵਿਕਾਸ ਬੋਰਡ ਦੀ ਬੈਠਕ ਵਿਚ ਲਿਆ ਫੈਸਲਾ


ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਰਾਮਤੀਰਥ ਵਿਖੇ ਉਸਾਰੇ ਜਾਣ ਵਾਲੇ ਮੰਦਰ ਪ੍ਰੋਜੈਕਟ ਸੰਬੰਧੀ ਬੋਰਡ ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ।

ਚੰਡੀਗੜ੍ਹ (ਡਾ. ਗੁਰਜੀਤ ਸਿੰਘ ਟਰੇਸੀ) ਵਿਕਸ ਬੋਰਡ ਦੇ ਮੈਂਬਰ ਸ. ਕਰਨੈਲ ਸਿੰਘ ਸਹੋਤਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਗਵਾਨ ਵਾਲਮੀਕ ਜੀ ਦੇ ਅਮੀਰ ਵਿਰਸੇ ਦੇ ਪ੍ਰਸਾਰ ਲਈ ਅੰਮ੍ਰਿਤਸਰ ਨੇੜੇ ਸ੍ਰੀ ਵਾਲਮੀਕ ਤੀਰਥ ਵਿਖੇ 115 ਕਰੋੜ ਰੁਪਏ ਦੀ ਲਾਗਤ ਨਾਲ ਉਚ ਦਰਜੇ ਦਾ ਮੰਦਰ, ਅਜਾਇਬ ਘਰ, ਪੈਨੋਰਮਾ ਸੈਂਟਰ ਦੀ ਉਸਾਰੀ ਲਈ ਯੋਜਨਾ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਫੈਸਲਾ ਮੁੱਖ ਮੰਤਰੀ ਵੱਲੋਂ ਕੈਬਨਿਟ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਗਠਿਤ ਕੀਤੇ ਗਏ ਭਗਵਾਨ ਵਾਲਮੀਕ ਤੀਰਥ ਵਿਕਾਸ ਬੋਰਡ ਦੀ ਬੈਠਕ ਦੌਰਾਨ ਲਿਆ ਗਿਆ।

ਪਵਿੱਤਰ ਗ੍ਰੰਥ ਰਮਾਇਣ ਦੇ ਰਚੇਤਾ ਅਤੇ ਮਹਾਨ ਰੂਹਾਨੀ ਸ਼ਖਸੀਅਤ ਨੂੰ ਸ਼ਰਧਾਂਜਲੀ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਪੰਜਾਬ ਸਰਕਾਰ ਲਈ ਬੜੇ ਮਾਣ ਤੇ ਸਤਿਕਾਰ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਲਈ ਬੜੇ ਭਗਵਾਨ ਵਾਲਮੀਕ ਜੀ ਨਾਲ ਸਬੰਧਤ ਇਸ ਜਗ੍ਹਾ ਨੂੰ ਵਿਕਸਤ ਕਰਨ ਦੀ ਸੇਵਾ ਹਾਸਲ ਕਰ ਰਹੀ ਹੈ ਜੋ ਕਿ ਵਿਸ਼ਵ ਦੇ ਕੋਨੇ-ਕੋਨੇ ਤੋਂ ਇਸ ਪਵਿੱਤਰ ਜਗ੍ਹਾ ਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਇਕ ਵੱਡੀ ਸਹੂਲਤ ਹੋਵੇਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਭਗਵਾਨ ਵਾਲਮੀਕ ਜੀ ਨੇ ਇਸ ਜਗ੍ਹਾ ਤੇ ਰਹਿੰਦੇ ਹੋਏ ਪਵਿੱਤਰ ਗ੍ਰੰਥ ਰਮਾਇਣ ਦੀ ਰਚਨਾ ਕੀਤੀ ਸੀ।

ਇਸ ਮੌਕੇ ਬੋਰਡ ਦੇ ਉਪ ਚੇਅਰਮੈਨ ਹੰਸ ਰਾਜ ਹੰਸ, ਮੈਂਬਰ ਵਿਜੇ ਦਾਨਵ, ਕ੍ਰਿਸ਼ਨ ਦ੍ਰਾਵਿੜ, ਪਰੇਸ਼ ਧੀਗਾਂਨ, ਓਮ ਪ੍ਰਕਾਸ਼ ਗਬਰ, ਰਣਦੀਪ ਗਿੱਲ, ਡੀ. ਪੀ. ਖੋਸਲਾ, ਕਰਨੈਲ ਸਿੰਘ ਸਹੋਤਾ ਅਤੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਅਗਰਵਾਲ ਸਾਹਿਬ ਅਤੇ ਹੋਰ ਵੀ ਮੈਂਬਰ ਹਾਜ਼ਰ ਸਨ। ਭਗਵਾਨ ਵਾਲਮੀਕ ਤੀਰਥ ਦੀ ਕੋਈ ਵੀ ਜਾਣਕਾਰੀ ਲੈਣ ਲਈ ਡਾ. ਗੁਰਜੀਤ ਸਿੰਘ ਟਰੇਸੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਹਨਾਂ ਦਾ ਫੋਨ ਨੰਬਰ 925-321-0117 ਹੈ।

# ਡਾ. ਅੰਬੇਦਕਰ ਜੀ ਦਾ ਜਨਮ ਦਿਵਸ ਮਨਾਇਆ



ਖੰਨਾ (ਸਾਂਪਲਾ) ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਦਾ 112 ਵਾਂ ਜਨਮ ਦਿਹਾੜਾ ਸੋਹਣ ਲਾਲ ਸਾਂਪਲਾ ਕੌਮੀ ਪ੍ਰਧਾਨ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਯੂਰਪ ਅਤੇ ਸਰਪ੍ਰਸਤ ਡਾ. ਅੰਬੇਦਕਰ ਮਿਸ਼ਨ ਸੁਸਾਇਟੀ ਖੰਨਾ ਦੇ ਗ੍ਰਹਿ ਵਿਖੇ ਬੜੇ ਧੂਮ ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਭੈਣ ਕਾਂਤਾ (ਮਹੰਤ), ਗੁਰਪਾਲ ਸਿੰਘ ਬੀਜਾ ਅਤੇ ਨਛੱਤਰ ਸਿੰਘ ਫੌਜੀ ਨੇ ਕੈਂਡਲ ਤੇ ਧੂਪ ਬੱਤੀ ਜਗਾ ਕੇ ਕੀਤੀ।

ਇਸ ਸਮੇਂ ਸ੍ਰੀ ਸੋਹਣ ਲਾਲ ਸਾਂਪਲਾ ਨੇ ਆਈ ਸੰਗਤ ਨੂੰ ਸੰਬੋਧਿਤ ਕਰਦੇ ਹੋਏ ਇਸਤਰੀ ਜਾਤੀ ਨੂੰ ਪੜ੍ਹਾਉਣ ਉਤੇ ਜ਼ੋਰ ਦਿੱਤਾ ਕਿਉਂਕਿ ਇਸ ਤੋਂ ਬਿਨਾਂ ਪਰਿਵਾਰ ਦੀ ਤਰੱਕੀ ਨਹੀਂ ਹੋ ਸਕਦੀ। ਨਾਲ ਹੀ ਉਹਨਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਡਾ. ਅੰਬੇਦਕਰ ਸਾਹਿਬ ਦੀ ਵਿਚਾਰਧਾਰਾ ਨੂੰ ਪ੍ਰਸਾਰਨ ਦੀ ਸਖਤ ਲੋੜ ਹੈ।

ਇਹਨਾਂ ਤੋਂ ਇਲਾਵਾ ਰਿਟਾ. ਇੰਸਪੈਕਟਰ ਮਹਿੰਦਰ ਸਿੰਘ ਨੇ ਸੰਗਤ ਨੂੰ ਸੰਬੋਧਿਤ ਕਰਦਿਆਂ ਡਾ. ਸਾਹਿਬ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਇਹਨਾਂ ਤੋਂ ਇਲਾਵਾ ਪ੍ਰਿੰ: ਰਣਬੀਰ ਸਿੰਘ, ਰਿਟਾ. ਬੀ. ਈ. ਓ. ਸ. ਦਇਆ ਸਿੰਘ, ਮਾਸਟਰ ਗੁਰਦਾਸ ਰਾਮ, ਰਣਜੀਤ ਸਿੰਘ ਰਾਣਾ, ਮੇਨਕਾ ਸਾਂਪਲਾ, ਕਿਰਨ ਸਾਂਪਲਾ, ਕਮਲੇਸ਼ ਸਾਂਪਲਾ ਤੇ ਸਕੂਲੀ ਬੱਚੇ ਵੀ ਹਾਜ਼ਰ ਹੋਏ। ਸਾਂਪਲਾ ਪਰਿਵਾਰ ਵੱਲੋਂ ਆਈ ਸੰਗਤ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ।


ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ

ਫਰਿਜ਼ਨੋ ਵਿਖੇ ਡਾ. ਅੰਬੇਦਕਰ ਜੀ ਦਾ ਜਨਮ ਦਿਨ 28 ਅਪ੍ਰੈਲ ਨੂੰ ਮਨਾਇਆ ਜਾਵੇਗਾ





ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਮੌਕੇ ਹੁੰਮ-ਹੁੰਮਾ ਕੇ ਪਹੁੰਚੋ

ਦੇਸ ਰਾਜ ਬੰਗੜ
ਕਰਮ ਸਿੰਘ ਬੰਗੜ

ਗੁਰੂ ਘਰ ਦਾ ਨੰਬਰ-
559-486-3091

ਸਮੂਹ ਪ੍ਰਬੰਧਕ ਕਮੇਟੀ

Shri Guru Ravidass Sabha (CV) Fresno (California)
5025 S. Cherry Ave., Fresno (California) 93706


# ਲਾਲ ਸਿੰਘ ਦਿਲ ਲੋਕਾਂ ਦਾ ਇਨਕਲਾਬੀ ਕਵੀ

ਤਾਂ ਪਿੰਡਾਂ ਦੀਆਂ ਦਲਿਤ ਬਸਤੀਆਂ ਵਿਚ ਵਸਦੀਆਂ, ਮਟਰ ਤੋੜਨ ਵਾਲੀਆਂ, ਆਲੂ ਪੁੱਟਣ ਵਾਲੀਆਂ, ਕਣਕ ਵੱਢਣ ਵਾਲੀਆਂ, ਹਵੇਲੀਆਂ 'ਚ ਗੋਹਾ-ਕੂੜਾ ਕਰਨ ਵਾਲੀਆਂ, ਕੋਠੇ-ਵਿਹੜੇ ਸੰਭਰਨ ਵਾਲੀਆਂ ਔਰਤਾਂ ਹਨ ਅਤੇ ਨਾ ਹੀ ਪ੍ਰੰਪਰਾਗਤ ਸਮਾਜ ਵਿਚਲੇ ਖਾਨਦਾਨੀ ਪਰਿਵਾਰਾਂ ਦੀ ਇੱਜ਼ਤ ਦੇ ਨਾਂ 'ਤੇ ਘਰ ਗ੍ਰਹਿਸਤੀ ਦੀ ਚਾਰ-ਦੀਵਾਰੀ ਦੀਆਂ ਕੈਦਣਾਂ ਹਨ। ਉਹ ਤਾਂ ਰਾਖਸ਼ ਬਾਣਾ ਪਹਿਨਣ ਵਾਲੀਆਂ ਬੇਰ ਚੁਗਦੀਆਂ ਭੋਲੀਆਂ ਨਿਰਵਸਤਰ ਕੁੜੀਆਂ ਜ਼ਮੀਨਾਂ ਵਾਲਿਆਂ ਦੇ ਬੋਲ-ਕੁਬੋਲ ਸੁਣਦੀਆਂ, ਦਰੱਖਤਾਂ ਤੋਂ ਸੁੱਕੀਆਂ ਟਾਹਣੀਆਂ ਲਾਹੁੰਦੀਆਂ ਝਿੜਕਾਂ ਖਾਂਦੀਆਂ, ਬੁੱਤੀਆਂ ਕਰਦੀਆਂ ਮਾਵਾਂ, ਭੈਣਾਂ ਹਨ। ਇਹਨਾਂ ਦੀ ਗੱਲ ਨਾ ਪਹਿਲਾਂ ਕਿਸੇ ਫੈਮੀਨਿਸਟ ਨੇ ਕੀਤੀ ਹੈ ਅਤੇ ਨਾ ਹੀ ਕਿਸੇ ਮਜ਼ਦੂਰ ਸਭਾ ਨੇ ਕਰਨ ਹੈ। ਇਹ ਆਪਣੀ ਗੱਲ ਆਪ ਕਰਨਗੀਆਂ। ਇਹ ਗੱਲ ਕਰਨਗੀਆਂ ਆਪਣੀ ਪਰ ਇਨਕਲਾਬ ਨੂੰ ਜਨਮ ਦੇ ਕੇ।

ਇਹਨਾਂ ਦੀ ਸੰਖਿਆ ਲਗਾਤਾਰ ਵੱਧ ਰਹੀ ਹੈ ਚੁੱਪ-ਚਪੀਤੇ ਅਤੇ ਚਕਾਚੌਂਧ ਕਰਨ ਵਾਲੀ ਰੌਸ਼ਨੀ ਦੇ ਐਨ ਥੱਲੇ। ਜਿਸ ਰੌਸ਼ਨੀ ਦੇ ਦਲਾਨ ਵਿਚ ਅਕਸਰ ਇਹਨਾਂ ਦੀਆਂ ਅੱਖਾਂ ਮੋਹਰੇ ਹਨੇਰਾ ਛਾਇਆ ਰਹਿੰਦਾ ਹੈ। ਲਾਲ ਸਿੰਘ ਦਿਲ ਦੀਆਂ ਇਹ ਔਰਤਾਂ ਇਸ ਝੂਠੀ ਰੌਸ਼ਨੀ ਨੂੰ ਇਨਕਲਾਬ ਦੇ ਬੰਬ ਨਾਲ ਅੰਧੇਰੇ ਵਿਚ ਬਦਲਣ ਲਈ ਉੱਠਣ ਦੀ ਤਿਆਰੀ ਵਿਚ ਜਾਪਦੀਆਂ ਨੇ। ਇਹ ਇਨਕਲਾਬੀ ਮਾਵਾਂ ਭੈਣਾਂ ਅਤੇ ਧੀਆਂ ਅਸਲੀ ਰੌਸ਼ਨੀ ਦੀ ਦਹਿਲੀਜ਼ ਬਣਨਗੀਆਂ। ਲਾਲ ਸਿੰਘ ਦਿਲ ਦੀ ਕਵਿਤਾ ਦੇ ਉਪਰੋਕਤ ਦੋਵੇਂ ਪਹਿਲੂ (ਲਾਰਿਆਂ ਵਾਲੇ ਤੇ ਔਰਤਾਂ) ਆਪਸ ਵਿਚ ਇਕ ਨਵੀਂ ਇਕਾਈ ਬਣ ਕੇ ਪੇਸ਼ ਹੁੰਦੇ ਨਜ਼ਰ ਆਉਂਦੇ ਨੇ। ਦਰਅਸਲ ਜਿੱਥੇ ਲਾਲ ਸਿੰਘ ਦਿਲ ਇਹਨਾਂ ਲੋਕਾਂ ਨੂੰ ਪਰਿਭਾਸ਼ਿਤ ਕਰਦਾ ਨਜ਼ਰ ਆਉਂਦਾ ਹੈ, ਉਥੇ ਉਹ ਇਹਨਾਂ ਦੇ ਮਾਧਿਅਮ ਰਾਹੀਂ ਜੋ ਕਿ ਸਿਵਾਏ ਦੁਖਾਂ ਤੇ ਤਕਲੀਫਾਂ ਦੇ ਕੁਝ ਵੀ ਨਹੀਂ ਅਜੋਕੇ ਸਮਾਜ ਦੇ ਉੱਤੇ ਕਰਾਰੀ ਸੱਟ ਵੀ ਮਾਰਦਾ ਹੈ। ਉਹ ਇਹ ਦਰਸਾਉਂਦਾ ਨਜ਼ਰ ਆਉਂਦਾ ਹੈ ਕਿ ਜਿਸ ਤਰ੍ਹਾਂ ਧਨਾਢ ਸਮਾਜ ਨੇ ਲਾਰਿਆਂ ਵਾਲਿਆਂ ਅਤੇ ਆਪਣੀ ਕਵਿਤਾ ਵਿਚਲੀਆਂ ਔਰਤਾਂ ਨੂੰ ਬਿਲਕੁਲ ਸਮਾਜ ਵਿਚੋਂ ਛੇਕ ਹੀ ਦਿੱਤਾ ਹੈ ਉਸੇ ਤਰ੍ਹਾਂ ਉਹ ਉਹਨਾਂ ਲੋਕਾਂ ਨੂੰ ਵੀ ਛੇਕਣ ਤੇ ਹੁਣ ਤੁਲਿਆ ਹੋਇਆ ਹੈ ਜਿਨ੍ਹਾਂ ਨੂੰ ਅਖੌਤੀ ਤੌਰ ਉੱਤੇ ਹਰੀਜਨ, ਅਛੂਤ ਆਦਿਕ ਸੂਚਕਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਲਾਲ ਇਨ੍ਹਾਂ ਸਭ ਲੋਕਾਂ ਨੂੰ ਜੋ ਕਿ ਭਾਰਤ ਦੀ ਅਸਲੋਂ ਰੂਹ ਨੇ, ਨੂੰ ਭਾਰਤ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਰਣਭੂਮੀ ਵਿਚ ਆਪਣੇ ਹੱਕਾਂ ਲਈ ਜੂਝਦੇ ਦੇਖਣਾ ਚਾਹੁੰਦਾ ਹੈ। ਇਹ ਲਾਰਿਆਂ ਵਾਲੇ ਉਹਨਾਂ ਸੁੱਕਦੇ ਨਦੀਨਾਂ, ਮੁਰਝਾਉਂਦੇ ਫੁੱਲਾਂ ਅਤੇ ਕੁਮਲਾਉਂਦੇ ਰੰਗਾਂ ਤੋਂ ਉੱਠਦੀਆਂ ਖ਼ੁਸ਼ਬੂਆਂ ਭਾਂਤੀ ਹਨ ਜਿਨ੍ਹਾਂ ਨੂੰ "ਸੂੰਘ ਕੇ ਗਾਵਣ ਨੂੰ ਦਿਲ ਕਰਦਾ ਹੈ।" ਜਿਨ੍ਹਾਂ ਨੂੰ ਦੇਖ ਕੇ ਅਪਣੱਤ ਦਾ ਝਾਉਲਾ ਪੈਂਦਾ ਹੈ। ਲਾਲ ਸਿੰਘ ਦਿਲ ਇਹਨਾਂ ਲਾਰਿਆਂ ਵਾਲਿਆਂ ਤੋਂ ਸਮਾਜਿਕ ਅਤੇ ਰਾਜਨੀਤਿਕ ਲੜਾਈ ਦੀ ਆਸ ਰੱਖਦਾ ਆਪਣੀ ਕਵਿਤਾ ਵਿਚ ਇਹਨਾਂ ਨੂੰ ਵਾਰ ਵਾਰ ਸੰਬੋਧਿਤ ਹੁੰਦਾ ਹੈ। ਇਹ ਲੜਾਈ ਉਹ ਉਹਨਾਂ ਲਾਰਿਆਂ ਵਾਲਿਆਂ ਵੱਲੋਂ ਹੀ ਕਰਨ ਦੀ ਪੇਸ਼ਕਸ਼ ਕਰਦਾ ਹੈ।

ਇਹ ਲੜਾਈ ਲਾਲ ਸਿੰਘ ਦਿਲ ਅਨੁਸਾਰ ਕਿਸੇ ਹੋਰ ਨੇ ਨਹੀਂ ਲੜਨੀ। ਇਹ ਲੜਾਈ ਤਾਂ ਇਨ੍ਹਾਂ ਲੋਕਾਂ ਨੇ ਖ਼ੁਦ ਹੀ ਲੜਨੀ ਹੈ ਜੋ ਇਨ੍ਹਾਂ ਦੀ ਆਪਣੀ ਹੈ। ਹਾਂ ਲਾਲ ਸਿੰਘ ਦਿਲ ਇਸ ਲੜਾਈ ਦੇ ਪਵਿੱਤਰ ਕੁੰਡ ਵਿਚ ਆਪਣੀ ਆਹੂਤੀ ਆਪਣੀ ਕਵਿਤਾ ਦੇ ਜ਼ਰੀਏ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਦਿੰਦਾ ਨਜ਼ਰ ਆ ਰਿਹਾ ਹੈ। ਇਹ ਲੋਕ ਉਸ ਦੇ ਸਦਾ ਹੀ ਰਿਣੀ ਰਹਿਣਗੇ। ਲਾਲ ਸਿੰਘ ਦਿਲ ਵਰਗੇ ਇਨਕਲਾਬੀ ਕਵੀ ਕਦੇ ਕਦਾਈਂ ਹੀ ਆਉਂਦੇ ਨੇ ਤੇ ਉਹਨਾਂ ਦੀ ਯਾਦ ਹਮੇਸ਼ਾ ਬਣੀ ਰਹਿੰਦੀ ਹੈ।

# ਕਰੋੜਾਂ ਲੋਕਾਂ ਦਾ ਜੀਵਨ ਬਦਲਣ ਵਾਲੇ ਮਸੀਹਾ ਡਾ. ਬੀ ਆਰ ਅੰਬੇਦਕਰ ਜੀ ਦਾ ਜਨਮ ਦਿਹਾੜਾ 21 ਅਪਰੈਲ ਨੂੰ ਨਿਊਵਾਰਕ (ਕੈਲੀਫੋਰਨੀਆ) ਵਿਖੇ ਮਨਾਇਆ ਗਿਆ



ਨਿਊਵਾਰਕ- ਫੈਡਰੇਸ਼ਨ ਆਫ ਇੰਡੀਅਨ ਅਮਰੀਕਨ ਅੰਬੇਦਕਰ ਰਾਈਟਸ ਬੇ-ਏਰੀਆ, ਕੈਲੀਫੋਰਨੀਆ ਭਾਰਤੀ ਸੰਵਿਧਾਨ ਦੇ ਜਨਮ ਦਾਤਾ, ਭਾਰਤ ਰਤਨ, ਗਰੀਬਾਂ ਦੇ ਮਸੀਹਾ, ਆਰਥਿਕ ਤੇ ਸਮਾਜਿਕ ਸੁਧਾਰਕ, ਬਰਾਬਰਤਾ ਦੇ ਹੱਕ ਦੇ ਪਹਿਰੇਦਾਰ, ਮਹਾਨ ਕਰਾਂਤਕਾਰੀ ਡਾ. ਭੀਮ ਰਾਓ ਅੰਬੇਦਕਰ ਜੀ ਦਾ 122ਵਾਂ ਜਨਮ ਦਿਨ 21 ਅਪਰੈਲ, 2013 ਦਿਨ ਐਤਵਾਰ 6430 ਥੋਰਟਨ ਐਵਿਨਿਓ, ਨਿਊਵਾਰਕ ਪਵਿਲੀਅਨ, ਨਿਊਵਾਰਕ ਕੈਲੀਫੋਰਨੀਆ ਵਿਖੇ ਮਨਾਇਆ। ਪੋਰਗਰਾਮ: ਸਵੇਰੇ 10 ਵਜੇ ਤੋ 4 ਵਜੇ ਸ਼ਾਮ ਤੱਕ ਹੋਇਆ। ਜਿਸ ਮੌਕੇ ਭਾਰੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ। ਹੋਰ ਜਾਣਕਾਰੀ ਲਈ ਫੋਨ ਕਰੋ ਗੁਰਨਾਮ ਸਿੰਘ (510) 796-3029, ਚੰਦਰ ਮੋਹਨ (510) 396-7370, ਰਣਧੀਰ ਸਿੰਘ (510)220-1445

## ਮਿੰਨੀ ਕਹਾਣੀ/ ਰਿਸ਼ਤਾ

ਭੋਲੂ ਸਾਰਾ ਦਿਨ ਅਵਾਰਾ ਗਰਦੀ ਕਰਦਾ ਨਾ ਥਕਦਾ ।ਆਪਣੇ ਹਾਣ ਦੇ ਮੁੰਡਿਆਂ ਨਾਲ ਸਾਰਾ ਸਾਰਾ ਦਿਨ ਤਾਸ਼ ਖੇਡਦਾ ਜਾ ਪਿੰਡ ਦੇ ਅਵਰਾ ਕੁੱਤੇ ਲੈ ਕੇ ਸ਼ਿਕਾਰ ਕਰਨ ਤੁਰ ਪੈਂਦੇ। ਪੜ-ਲਿਖਕੇ ਕਿਹੜੀ ਨੌਕਰੀ ਮਿਲਣੀ ਏ। ਲੰਬੜਾਂ ਦਾ ਜੀਤ, ਸਰਪੰਚ ਦਾ ਅਰਜਨ ਤੇ ਪਤਾ ਨਹੀ ਕਿੰਨੇ ਕੂ ਡਿਗਰੀਆਂ ਲੈ ਕੇ ਹੁਣ ਸਾਡੇ ਵਾਂਗ ਘੁੰਮ ਦੇ ਨੇ। ਸਾਨੂੰ ਆਪਣੇ ਆਪ ਤੇ ਮਾਣ ਕਰਨਾ ਚਾਹੀਦਾ ਕਿ ਅਸੀ ਆਪਣੇ ਮਾਤਾ-ਪਿਤਾ ਦੀ ਦਸਾ ਨੂੰਹਾਂ ਦੀ ਕਮਾਈ ਇਨਾਂ ਡਿਗਰੀਆਂ ਤੇ ਖਰੱਚ ਨਹੀ ਕੀਤੀ। ਭੋਲੂ ਦੀ ਬੇਬੇ ਨੇ ਰਿਸ਼ਤੇਦਾਰਾਂ,ਸਕੇ ਸਬੰਧੀਆਂ ਨਾਲ ਰਿਸ਼ਤੇ ਬਾਰੇ ਗੱਲ ਕੀਤੀ। ਸਾਰੇ ਇਹ ਹੀ ਪੁਛਣ ਮੁੰਡਾ ਕਿੰਨਾ ਪੜਿਆ, ਕਿਥੇ ਨੌਕਰੀ ਕਰਦਾ। ਬਾਪੂ ਆਪਣੇ ਗੁੱਸੇ ਤੇ ਕਾਬੂ ਨਾ ਰੱਖ ਸਕਿਆ ਤੇ ਬੋਲਿਆ" ਤੁਹਾਨੂੰ ਨਹੀ ਪਤਾ ਭੋਲੂ ਸਾਰਾ ਦਿਨ ਅਵਾਰਾ-ਗਰਦੀ,ਤਾਸ਼ ਖੇਡਦਾ ਤੇ ਸ਼ਿਕਾਰ ਕਰਦਾ ਏ। ਮੇਰੇ ਕੰਨ ਪਕ ਗਏ ਤੁਹਾਡੀਆਂ ਗੱਲਾ ਸੁਣ-ਸੁਣਕੇ। ਤੁਸੀ ਚਿੰਤਾ ਨਾ ਕਰੋ ਜਿਥੇ ਸੰਜੋਗ ਹੋਣਗੇ ਵਿਆਹ ਹੋ ਜਾਊ ।" ਬਾਪੂ ਨੇ ਜਮੀਨ ਦਾ ਕਿੱਲਾ ਵੇਚ ਕੇ ਭੋਲੂ ਨੂੰ ਵਿਦੇਸ਼ ਭੇਜਤਾ। ਭੋਲੂ ਦੋ ਸਾਲ ਬਾਅਦ ਵਿਦੇਸ਼ ਤੋ ਵਾਪਿਸ ਗਿਆ। ਸਭ ਦੂਰੋ ਨਿੜਿਉ ਸਾਕ-ਸਬੰਧੀ ਰਿਸ਼ਤਾ ਕਰਾਉਣ ਲਈ ਅੱਡੀ ਚੋਟੀ ਦਾ ਜੋਰ ਲਗਾ ਰਹੇ ਸਨ। ਕੋਈ ਨਹੀ ਪੁਛ ਰਿਹਾ ਸੀ ਕਿ ਭੋਲੂ ਕਿੰਨਾ ਪੜਿਆ ਜਾਂ ਕਿਥੇ ਨੌਕਰੀ ਕਰਦਾ ਸਗੋ। ਉਹਨਾ ਤੋ ਕੁੜੀ ਕਿੰਨੀ ਪੜੀ ਹੋਵੇ, ਕਿਹੜੀ ਡਿਗਰੀ ਤੇ ਤੁਹਾਡੀ ਮੰਗ ਕੀ ਏ।

**- ਪਰਵਿੰਦਰ ਸਿੰਘ ਢਿੱਲੋ**
(516-234-8545)

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਵਿਸਾਖੀ ਦਾ ਤਿਉਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ










ਫੋਟੋਆਂ- ਦਲਵਿੰਦਰ ਰੱਲ੍ਹ

**ਯੂਬਾ ਸਿਟੀ (ਦਲਵਿੰਦਰ ਰੱਲ੍ਹ)** 14 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਵਿਸਾਖੀ ਦਾ ਤਿਉਹਾਰ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਯੂਬਾ ਸਿਟੀ ਅਤੇ ਹੋਰਨਾਂ ਦੂਰੋਂ-ਨੇੜਿਉਂ ਆਈਆਂ ਸੰਗਤਾਂ ਨੇ ਭਰਪੂਰ ਹਾਜ਼ਰੀਆਂ ਲਗਵਾ ਕੇ ਗੁਰੂ ਸਾਹਿਬਾਨ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

12 ਅਪ੍ਰੈਲ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ ਬ ਨੂੰ ਨਿਸ਼ਾਨ ਸਾਹਿਬ ਨੂੰ ਗੁਰੂ ਘਰ ਵੱਲੋਂ ਚੋਲਾ ਸਾਹਿਬ ਪਹਿਨਾਏ ਗਏ।ਇਸ ਦੇ ਨਾਲ ਹੀ ਗੁਰੂ ਘਰ ਦੇ ਚੇਅਰਮੈਨ ਸ੍ਰੀ ਪਰਸ਼ੋਤਮ ਸੂਦ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ।

14 ਅਪ੍ਰੈਲ ਦਿਨ ਐਤਵਾਰ ਨੂੰ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਸਾਹਿਬ ਭਾਈ ਕੁਲਵਿੰਦਰ ਸਿੰਘ ਜੀ, ਕਥਾਵਾਚਕ ਭਾਈ ਗੁਰਦੇਵ ਸਿੰਘ ਜੀ ਅਤੇ ਸ੍ਰੀ ਹਰਬਿਲਾਸ ਰਾਮ ਰੱਲ੍ਹ ਅਤੇ ਸ੍ਰੀ ਅਜੀਤ ਸਿੰਘ ਆਦਿ ਨੇ ਸ਼ਬਦ ਗਾਇਨ, ਕਥਾ ਅਤੇ ਵਿਸਾਖ ਤੇ ਵਿਸਾਖੀ ਦੇ ਨਾਲ ਨਾ ਖਾਲਸਾ ਪੰਥ ਦੀ ਮਹੱਤਤਾ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਤੋਂ ਇਲਾਵਾ ਮਾਣਯੋਗ ਬੀਬੀਆਂ ਅਤੇ ਬੱਚੀ ਨੇ ਧਾਰਮਿਕ ਕਵਿਤਾਵਾਂ ਪੜ੍ਹੀਆਂ।

ਉਪਰੰਤ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਗੁਰੂ ਕੇ ਲੰਗਰ ਦੀ ਸੇਵਾ ਕੀਤੀ।ਅੱਜ ਦੇ ਸਮਾਗਮ ਦਾ ਸਟੇਜ ਸੰਚਾਲਨ ਸ੍ਰੀ ਰਾਮ ਸਰੂਪ ਭਾਟੀਆ ਜੀ ਨੇ ਬਾਖੂਬੀ ਨਿਭਾਇਆ ਅਤੇ ਸਮੂਹ ਕਮੇਟੀ ਵੱਲੋਂ ਆਈਆਂ ਸੰਗਤਾਂ ਦਾ ਜਿੱਥੇ ਧੰਨਵਾਦ ਕੀਤਾ, ਉਥੇ ਸਮੂਹ ਕਮੇਟੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਕੈਸ਼ੀਅਰ ਦਲਵਿੰਦਰ ਰੱਲ੍ਹ ਨੇ ਦੱਸਿਆ ਕਿ ਅਗਲੇ ਐਤਵਾਰ 21 ਅਪ੍ਰੈਲ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ 112ਵਾਂ ਜਨਮ ਦਿਨ ਮਨਾਇਆ ਜਾਵੇਗਾ। ਸਾਰੀਆਂ ਸੰਗਤਾਂ ਨੂੰ ਇਸ ਮੌਕੇ ਵੀ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ।

# ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ ਵੱਲੋ ਵਿਸਾਖੀ ਦੇ ਮੌਕੇ ਤੇ ਸੈਨਹੋਜ਼ੇ ਵਿੱਚ ਕਵੀ ਦਰਬਾਰ

ਸੈਨਹੋਜ਼ੇ- ਗੁਰਦਵਾਰਾ ਪ੍ਰਬੰਧਕ ਕਮੇਟੀ ਸੈਨਹੋਜ਼ੇ ਦੇ ਨਿਮੰਤਰਨ ਤੇ ਪੰਜਾਬੀ ਸਾਹਿਤ ਸਭਾ ਕੈਲੇਫ਼ੋਰਨੀਆ (ਬੇ ਏਰੀਆ ਇਕਾਈ) ਵੱਲੋ ਵਿਸਾਖੀ ਦੇ ਮੌਕੇ ਤੇ ਇੱਕ ਸ਼ਾਨਦਾਰ ਕਵੀ-ਦਰਬਾਰ ਪੇਸ਼ ਕੀਤਾ ਗਿਆ ਜਿਸ ਨੂੰ ਸੰਗਤਾਂ ਅਤੇ ਪ੍ਰਬੰਧਕਾਂ ਵੱਲੋ ਬੇਹੱਦ ਹੁੰਗਾਰਾ ਮਿਲਿਆ। ਡੇਢ ਘੰਟਾ ਚੱਲੇ ਇਸ ਕਵੀ-ਦਰਬਾਰ ਵਿੱਚ ਸਟੇਜ ਦੀ ਭੂਮਿਕਾ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਨਿਭਾਈ। ਜਿਨ੍ਹਾਂ ਕਵੀਆਂ ਨੇ ਇਸ ਵਿੱਚ ਭਾਗ ਲੈ ਕੇ ਆਪਣੀਆਂ ਰਚਨਾਵਾਂ ਰਾਂਹੀ ਸੰਗਤਾਂ ਨੂੰ ਪ੍ਰਭਾਵਿਤ ਕੀਤਾ ਉਨ੍ਹਾਂ ਵਿੱਚ ਡਾ. ਗੁਰਮੀਤ ਸਿੰਘ ਬਰਸਾਲ, ਜਸਦੀਪ ਸਿੰਘ, ਤਰਸੇਮ ਸਿੰਘ ਸੁਮਨ, ਚਰਨਜੀਤ ਸਿੰਘ ਪੱਨੂੰ, ਪਰਮਜੀਤ ਸਿੰਘ ਸੇਖੋਂ (ਦਾਖਾ), ਈਸ਼ਰ ਸਿੰਘ ਮੋਮਨ, ਗੁਰਦਿਆਲ ਸਿੰਘ ਨੂਰਪੁਰੀ, ਡਾ. ਆਲਾ ਸਿੰਘ, ਬੀਬੀ ਇੰਦਰਜੀਤ ਕੌਰ, ਦਵਿੰਦਰ ਸਿੰਘ ਅਤੇ ਪ੍ਰੋ. ਸੁਰਜੀਤ ਸਿੰਘ ਨਨੂੰਆ ਦੇ ਨਾਮ ਵਰਨਣ ਯੋਗ ਹਨ। ਇਸ ਪ੍ਰੋ- ਗਰਾਮ ਨੂੰ ਸਫ਼ਲ ਬਣਾਉਣ ਲਈ ਅਮਰਜੀਤ ਸਿੰਘ ਗਰੇਵਾਲ (ਸੈਕਰਾਮੈਂਟੋ), ਭਾਈ ਰਜਿੰਦਰ ਸਿੰਘ ਅਤੇ ਸੁਦੇਸ਼ ਸਿੰਘ ਅਟਵਾਲ ਵੱਲੋ ਅਹਿਮ ਭੂਮਿਕਾ ਨਿਭਾਈ ਗਈ। ਸਭਾ ਦੇ ਸਰਗਰਮ ਮੈਂਬਰਾਂ ਵਿੱਚੋ ਤਰਲੋਚਨ ਸਿੰਘ ਦੁਪਾਲਪਰ, ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਅਜ਼ਾਦ ਜਲੰਧਰੀ ਨੇ ਸੁਨੇਹੇ ਭੇਜ ਕੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਤੇ ਡਾ. ਪਰਮਜੀਤ ਸਿੰਘ ਅਜ਼ਰਾਵਤ (ਐਮ. ਡੀ.) ਵੱਲੋ ਸਿਹਤ ਸਬੰਧੀ ਲਿੱਖੀ ਪੁਸਤਕ ਦੀਆਂ 5 ਕਾਪੀਆਂ ਵੀ ਗੁਰਦਵਾਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਲਾਇਬ੍ਰੇਰੀ ਲਈ ਭੇਂਟ ਕੀਤੀਆਂ ਗਈਆਂ। ਸਭਾ ਨੇ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋ ਮੈਡੀਕਲ ਅਤੇ ਡੈਂਟਲ ਕੈਂਪ ਲਗਾ ਕੇ ਲੋੜਬੰਦਾਂ ਨੂੰ ਮੈਡੀਕਲ ਸਹਾਇਤਾ ਮੁਹੱਇਆ ਕਰਵਾਏ ਜਾਣ ਦੇ ਉੱਦਮ ਦੀ ਵੀ ਸਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਅਜਿਹੇ ਉਸਾਰੂ ਕਾਰਜ ਜ਼ਾਰੀ ਰਹਿਣਗੇ।



# ਸਰਕਾਰੀ ਹਾਈ ਸਕੂਲ ਸਾਹਰੀ ਦੇ ਕਮਰਿਆਂ ਦਾ ਰੱਖਿਆ ਨੀਂਹ ਪੱਥਰ

ਜਲੰਧਰ- (ਜਸਵੰਤ ਰਾਏ) ਸਰਕਾਰੀ ਹਾਈ ਸਕੂਲ ਸਾਹਰੀ ਦੇ ਨਵੇਂ ਬਣ ਰਹੇ ਕਮਰਿਆ ਦਾ ਨੀਂਹ ਪੱਥਰ ਐੱਨ. ਆਰ. ਆਈ ਸ. ਜਗਦੀਸ਼ ਸਿੰਘ ਜੱਜ ਅਤੇ ਸ. ਸੋਢੀ ਸਿੰਘ ਨੇ ਰੱਖਿਆ।ਇਸ ਸਮੇਂ ਸ. ਉਂਕਾਰ ਸਿੰਘ ਝਮਟ ਸਰਪੰਚ ਨੇ ਦੱਸਿਆ ਕਿ ਸਾਹਰੀ ਸਕੂਲ ਦੀ ਸਮੁਚੀ ਇਮਾਰਤ ਦੀ ਉਸਾਰੀ ਵਿਚ ਐਨ. ਆਰ. ਆਈ ਵੀਰਾਂ ਦਾ ਬਹੁਤ ਵੱਡਾ ਯੋਗਦਾਨ ਹੈ।ਇਹਨਾਂ ਨੇ ਸਕੂਲ ਦੀ ਬਿਲਡਿੰਗ ਦੀ ਉਸਾਰੀ ਲਈ ਲਗ-ਪਗ 34 ਲੱਖ ਰੁਪਏ ਦਾ ਯੋਗਦਾਨ ਪਾਇਆ।ਸਭ ਤੋਂ ਵੱਡੀ ਤਾਂ ਗੱਲ ਤਾਂ ਇਹ ਹੈ ਕਿ ਇਹਨਾਂ ਪ੍ਰਵਾਸੀ ਵੀਰਾਂ ਵਿਚੋਂ ਆਏ ਸਾਲ ਕੋਈ ਨਾ ਕੋਈ ਵਿਅਕਤੀ ਸਕੂਲ ਦੀਆਂ ਗਤੀਵਿ- ਧੀਆਂ ਨਾਲ ਜੁੜਿਆ ਹੀ ਰੰਿਹਦਾ ਹੈ।ਸ. ਸੋਢੀ ਸਿੰਘ ਨੇ ਇਸ ਸਮੇਂ ਨਵੇਂ ਬਣ ਰਹੇ ਕਮਰਿਆਂ ਦੀ ਉਸਾਰੀ ਵਿਚ ਵਿੱਤੀ ਯੋਗਦਾਨ ਵਜੋਂ ਵੀਹ ਹਜ਼ਾਰ ਰੁਪਏ ਦੀ ਰਾਸ਼ੀ ਮੁਖ ਅਧਿਆਪਕ ਸ਼੍ਰੀ ਭਾਰਤ ਭੂਸ਼ਨ ਨੂੰ ਭੇਟ ਕੀਤੀ।



ਮੁੱਖ ਅਧਿਆਪਕ ਨੇ ਐੱਨ.ਆਰ. ਆਈ. ਨੂੰ ਸਕੂਲ ਦੀਆ ਹੋਰ ਪ੍ਰਾਪਤੀਆਂ ਬਦਲੇ ਜਾਣੂ ਕਰਵਾਇਆ ਅਤੇ ਕੀਤੀ ਵਿੱਤੀ ਮੱਦਦ ਬਦਲੇ ਧੰਨਵਾਦ ਕੀਤਾ।ਇਸ ਸਮੇਂ ਡਾ. ਜਸਵੰਤ ਰਾਏ ਪੰਜਾਬੀ ਮਾਸਟਰ, ਸ਼੍ਰੀ ਭਾਰਤ ਲਾਲ ਪੰਚ, ਸਕੂਲ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਡਾ.ਅੰਬੇਦਕਰ ਦੀਆਂ ਸਿੱਖਿਆਵਾਂ 'ਤੇ ਅਮਲ ਦੀ ਲੋੜ: ਅਟਵਾਲ

ਮੁਹਾਲੀ- ਇਥੋਂ ਦੇ ਫੇਜ਼-7 ਸਥਿਤ ਗੁਰੂ ਰਵੀਦਾਸ ਭਵਨ ਵਿਖੇ ਡਾ. ਬੀ.ਆਰ ਅੰਬੇਦਕਰ ਮਿਸ਼ਨ ਵੈਲਫੇਅਰ ਐਸੋਸੀਏਸ਼ਨ ਵੱਲੋਂ ਡਾ. ਅੰਬੇਦਕਰ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਕਰਵ- ਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਕਿਹਾ ਕਿ ਆਰਥਿਕ ਤੇ ਸਮਾਜਕ ਬਰਾਬਰੀ ਲਈ ਭਾਰਤ ਰਤਨ ਡਾ. ਬੀ.ਆਰ. ਅੰਬੇਦਕਰ ਦੀਆਂ ਸਿੱਖਿਆਵਾਂ ਨੂੰ ਸਮਝਣ ਅਤੇ ਉਨ੍ਹਾਂ 'ਤੇ ਅਮਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਿੱਖਿਆ ਅਜੋਕੇ ਮੁਕਾਬਲੇ ਦੇ ਯੁੱਗ ਵਿੱਚ ਅਹਿਮ ਹਥਿਆਰ ਹੈ ਅਤੇ ਸਿੱਖਿਆ ਪ੍ਰਾਪਤ ਕਰ ਕੇ ਹੀ ਆਰਥਿਕ ਤੌਰ 'ਤੇ ਤਕੜੇ ਹੋਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਪਿੱਛੋਂ ਹੱਕਾਂ ਦੀ ਤੀਜੀ ਜੰਗ ਸ਼ੁਰੂ ਕਰਨ ਵਾਲੇ ਡਾ. ਅੰਬੇਦਕਰ ਨੇ ਜੋ ਬਰਾਬਰੀ ਦੇ ਸਮਾਜ ਦਾ ਸੰਕਲਪ ਸਿਰਜਿਆ ਸੀ, ਹੁਣ ਤੱਕ ਅਸੀਂ ਉਸ ਸੰਕਲਪ ਨੂੰ ਪ੍ਰਾਪਤ ਕਰਨ ਵਿੱਚ ਅਸਫ਼ਲ ਰਹੇ ਹਾਂ। ਇਸ ਸੰਕਲਪ ਦੀ ਪ੍ਰਾਪਾਤੀ ਲਈ ਸਾਨੂੰ ਸਖ਼ਤ ਮਿਹਨਤ ਕਰਨ, ਸਿੱਖਿਆ ਪ੍ਰਾਪਤ ਕਰਨ ਅਤੇ ਇਕਜੁੱਟ ਹੋਣ ਦੀ ਲੋੜ ਹੈ।

ਸ੍ਰੀ ਅਟਵਾਲ ਨੇ ਮਿਆਰੀ ਸਿੱਖਿਆ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਸੋਚੀ ਸਮਝੀ ਨੀਤੀ ਤਹਿਤ ਸਕੂਲਾਂ ਵਿੱਚ ਪੜ੍ਹਾਈ ਦਾ ਖ਼ਾਤਮਾ ਕਰਨ 'ਤੇ ਤੁਲੀ ਹੋਈ ਹੈ। ਇਸ ਤਹਿਤ ਕੇਂਦਰ ਨੇ ਪਹਿਲਾਂ ਪੰਜਵੀਂ ਤੱਕ ਬੱਚਿਆਂ ਦੀ ਪ੍ਰੀਖਿਆ ਨਾ ਲੈਣ ਦਾ ਫੈਸਲਾ ਕੀਤਾ ਅਤੇ ਹੁਣ ਨੌਵੀਂ ਜਮਾਤ ਤੱਕ ਕੋਈ ਵੀ ਬੱਚਾ ਫੇਲ੍ਹ ਨਾ ਕਰਨ ਦਾ ਜੋ ਫੈਸਲਾ ਲਿਆ ਹੈ, ਉਹ ਮੁੱਢਲੀ ਸਿੱਖਿਆ ਨੂੰ ਅਸਲ ਵਿੱਚ ਕਮਜ਼ੋਰ ਕਰ ਦੇਵੇਗਾ। ਉਨ੍ਹਾਂ ਸੰਸਥਾ ਨੂੰ ਆਪਣੇ ਅਖ਼ਤਿਆਰੀ ਫੰਡ ਵਿੱਚੋਂ ਇਕ ਲੱਖ ਰੁਪਏ ਗਰਾਂਟ ਦੇਣ ਦਾ ਐਲਾਨ ਕੀਤਾ।

ਸਮਾਗਮ ਦੌਰਾਨ ਦਲਿਤ ਚੇਤਨਾ ਮੰਚ ਪੰਜਾਬ ਦੇ ਸੂਬਾਈ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਨੇ ਪੰਜਾਬ ਦੇ ਐਸ.ਸੀ. ਕਮਿਸ਼ਨ ਵੱਲੋਂ ਸਰਮ- ਾਏਦਾਰਾਂ ਅਤੇ ਹੁਕਮਰਾਨਾਂ ਦੇ ਇਸ਼ਾਰੇ 'ਤੇ ਕੀਤੀਆਂ ਜਾ ਰਹੀਆਂ ਦਲਿਤ ਵਿਰੋਧੀ ਕਾਰਵਾਈਆਂ ਦੀ ਨਿੰਦਿਆਂ ਕਰਦਿਆਂ ਕਿਹਾ ਕਿ ਕਮਿਸ਼ਨ ਦਲਿਤਾਂ ਨੂੰ ਸਮਾਜਿਕ ਸੁਰੱਖਿਆ ਪ੍ਰਦਾਨ ਕਰਨ ਦੀ ਬਜਾਏ ਉਨ੍ਹਾਂ ਦੇ ਨਿਘਾਰ ਲਈ ਕੰਮ ਰਿਹਾ ਹੈ।

ਇਸ ਤੋਂ ਪਹਿਲਾਂ ਐਸੋਸੀਏਸ਼ਨ ਦੇ ਪ੍ਰਧਾਨ ਬੀ.ਕੇ. ਸੂਮ ਨੇ ਮੁੱਖ ਮਹਿਮਾਨ ਦਾ ਸਮਾਗਮ ਵਿੱਚ ਪੁੱਜਣ 'ਤੇ ਸਵਾਗਤ ਕੀਤਾ ਅਤੇ ਮਿਸ਼ਨ ਦੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਐਸ.ਡੀ.ਐਮ. ਲਖਮੀਰ ਸਿੰਘ, ਮੀਤ ਪ੍ਰਧਾਨ ਅਨਿਲ ਕੁਮਾਰ, ਜਨਰਲ ਸਕੱਤਰ ਰਵਿੰਦਰ ਸਿੰਘ ਅਤੇ ਸ਼ਾਮ ਲਾਲ ਮੌਜੂਦ ਸਨ।



ਪਰਮਿੰਦਰ ਸਿੰਘ ਔਜਲਾ

Bank-Owned Homes • Foreclosure Homes
Short Sale Homes • Commercial & Business
Many Years Experience In Real Estate

ਕੀ ਤੁਸੀਂ ਬੈਂਕਾਂ ਦੇ ਅਤੇ ਫ਼ੋਰ ਕਲੋਜ਼ਰ ਘਰ ਖਰੀਦਣਾ ਚਾਹੁੰਦੇ ਹੋ ?

# JAIN Reality

Lic # 01469392

ਅਸੀਂ ਇਨ੍ਹਾਂ ਸ਼ਹਿਰਾਂ 'ਚ
ਤਸੱਲੀਬਖ਼ਸ਼ ਕੰਮ ਕਰਦੇ ਹਾਂ
Sacramento, Natomas, Roseville,
Elk Grove, Bay Area, Tracy
& Stockton Area

## Parminder Singh Aujla

Ph: 916.410.0711 • Fax: 916.200.0607
email : greatamerica2004@yahoo.com

Mikasa
HOMES & FUNDING

8900 Bramblewood Way
Elk Grove, CA 95758
Cell: (916) 698-3808
Fax: (916) 725-5812
Email: mchander@comcast.net Web: www.mikasafunding.com



RAKESH CHANDER
Realtor®

## Rakesh Chander, MSEE, PE

## MIKASA HOMES & FUNDING

DRE Lic.: 01866732



Prop: Jasbir Singh Takhar
510-755-2132

# AAA AUTO & BODY WORKS INC.

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price

Free Eximates Free Towing

## 510- 733- 2222

AAA AUTO &
BODY WORKS INC.
We Do Complete Engine, Transmission, Body and Paint Work
We Sell Used Cars at a Good Price
FREE ESTIMATES • FREE TOWING
1421 Industrial Pkwy West #F Hayward, CA 94544
PH: 510-733-2222 Fax: 510-728-0714
BMW CHEVROLET TOYOTA

## 1421 Industrial PKWY West#F Hayward, CA 94544

# TANDOOR
## Indian Restaurant

## 27167 Mission Blvd. Hayward, CA 95544



WE ARE
SPECIALIST IN
CATERING & SPECIAL
ITEMS ARE
AVAILABLE
HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.

BUFFET LUNCH
11:00 AM TO
3:00 PM.

WE ARE OPEN
SEVEN DAYS
11AM TO 10PM



ਵਿਆਹ ਸ਼ਾਦੀ, ਬਰਥ-ਡੇ ਪਾਰਟੀ,
ਐਨਵਰਸਰੀ ਜਾਂ ਹੋਰ ਕਿਸੇ
ਵੀ ਕਿਸਮ ਦੀ ਕੈਟਰਿੰਗ
ਲਈ ਸਦਾ ਸਾਨੂੰ ਯਾਦ ਰੱਖੋ

Contact Us:

Ph. 510-885-1212,
Fax 510-885-1532



SURINDER KOKA
www.haywardtandoor.com

# United Awareness Committee of Ravidassia Community Californial USA

We, United Awareness Committee, of the State of California are pleased to announce that the Ravidassia Community of California will be holding a Community Awareness Event on Sunday, May 12, 2013 at the State Capitol in Sacramento, California. The program hours are from 11:00 AM to 5:00 PM. The chief aim of this event is to inform and create awareness of the opportunities available to the community and serve as a networking event with the attendance of many successful individuals.

The members of Ravidassia Community are the followers of Sri Guru Ravidass Ji, who advised and adopted democratic strategies to resolve the social inequalities prevalent in the society and preached for equality, universal brotherhood, oneness of God, and faced the contemporary kingdoms for natural and legal human rights for disadvantaged classes. Consistent with His teachings, our goal is to create awareness of ethical social aspects in our succeeding generation and help make them responsible citizens of this great nation on the planet.

In political environments, the teachings of Guru Ravidass Ji can be weighed against various Civil Rights Acts, or recognized with a modern name like Affirmative Action, EEO policies, and FEHA etc. And in this ongoing evolution of socio-economic and globalization environment, His teachings are quite compatible with the First Amendment of the United States Bill of Rights.

On this auspicious occasion, many high officials and high dignitaries are invited from all over California to attend this unity and awareness event. Therefore, United Awareness Committee would like to invite you to join in this approaching commemoration. We would feel honored and privileged to have you join us in this celebration.

If you have any questions or need any additional information, please call any member listed below. Thank you.




## Shri Guru Ravidass Ji

# United Awareness Committee, California

## Organizers:

| Tavinder Kazla | Hans R Kajla | Rakesh Chander | Parmjit Bhutta | Kewal Bolina |
|---|---|---|---|---|
| (916) 300-5398 | (916) 479-0421 | (916) 698-3808 | (916) 798-9144 | (916) 548-8902 |

# ਭਾਰਤ ਰਤਨ ਡਾ.ਅੰਬੇਦਕਰ ਜੀ ਦਾ 122ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਧੂਮ-ਧਾਮ ਨਾਲ ਮਨਾਇਆ


















ਨਿਊਯਾਰਕ- ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਜਨਮ ਦਿਨ 14 ਅਪ੍ਰੈਲ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਨੇ ਸਾਧ ਸੰਗਤ ਦੇ ਸਹਿਯੋਗ ਨਾਲ 61-01 ਬਰਾਡਵੇ ਗੁਰੂ ਘਰ ਵਿਖੇ ਸ਼ਰਧਾ ਨਾਲ ਮਨਾਇਆ ਗਿਆ, ਜਿਸ ਵਿਚ 12 ਅਪ੍ਰੈਲ ਨੂੰ ਆਰੰਭ ਹੋਏ ਅਖੰਡ ਪਾਠ ਸਾਹਿਬ ਦੇ ਭੋਗ 14 ਅਪ੍ਰੈਲ ਨੂੰ ਸਵੇਰੇ ਪੈਣ ਉਪਰੰਤ ਦੀਵਾਨ ਦੀ ਸ਼ੁਰੂਆਤ ਭਾਈ ਜੋਗਿੰਦਰ ਸਿੰਘ ਰਿਆੜ ਲੁਧਿਆਣੇ ਵਾਲਿਆਂ ਦੇ ਜਥੇ ਨੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਨਾਲ ਕੀਤੀ। ਇਹ ਸਾਰਾ ਦੀਵਾਨ ਗੁਰੂ ਘਰ ਤੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ ਦੀ ਤਰ੍ਹਾਂ ਪੰਜਾਬੀ ਟੀ. ਵੀ. ਤੇ ਸਿੱਧਾ ਪ੍ਰਸਾਰਣ ਇੰਡੀਆ, ਅਮਰੀਕਾ, ਕਨੇਡਾ, ਮੈਕਸੀਕੋ ਤੱਕ ਕੀਤਾ ਜਾ ਰਿਹਾ ਸੀ। ਨਿਊਯਾਰਕ ਵਿਚ ਕੌਂਸਲਰ ਜਨਰਲ ਮੈਡਮ ਡਾ. ਦੀਵਾਨੀ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਹਨਾਂ ਨੇ ਬਾਬਾ ਸਾਹਿਬ ਦੇ ਜਨਮ ਦਿਹਾੜੇ ਦੀ ਵਧਾਈ ਦੇ ਨਾਲ ਸਮੁੱਚੀ ਸੰਗਤ ਨੂੰ ਬਾਬਾ ਸਾਹਿਬ ਦੇ ਜੀਵਨ ਉਪਦੇਸ਼ ਤੇ ਚੱਲਣ ਦੀ ਪ੍ਰੇਰਨਾ ਦਿੱਤੀ। ਉਹਨਾਂ ਕਿਹਾ ਕਿ ਮੈਂ ਆਪ ਇਕ ਦਲਿਤ ਪਰਿਵਾਰ ਨਾਲ ਸਬੰਧ ਰੱਖਦੀ ਹਾਂ। ਗੁਰੂ ਰਵਿਦਾਸ ਗੁਰੂ ਘਰ ਆ ਕੇ ਮੈਂ ਬਹੁਤ ਖੁਸ਼ ਹਾਂ। ਕੈਲੀਫੋਰਨੀਆ ਤੋਂ ਡਾ. ਭੀਮ ਰਾਓ ਅੰਬੇਦਕਰ ਸਿੱਖ ਫਾਊਂਡੇਸ਼ਨ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਐਮ. ਆਰ. ਪਾਲ ਨੇ ਬਾਬਾ ਸਾਹਿਬ ਦੇ ਜੀਵਨ ਉਪਦੇਸ਼ ਤੇ ਬੜੇ ਪ੍ਰਭਾਵਸ਼ਾਲੀ ਵਿਚਾਰ ਰੱਖੇ। ਉਹਨਾਂ ਕਿਹਾ ਕਿ ਸਮਾਜ ਵਿਚ ਪਈ ਵਰਣ ਵੰਡ ਨੂੰ ਬਾਬਾ ਸਾਹਿਬ ਦਾ ਸਿਧਾਂਤ ਹਰ ਦਿਸ਼ਾ ਵਿਚ ਕੱਟਦਾ ਹੈ। ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀਵਾਲਤਾ ਦੇ ਸਿਧਾਂਤ, ਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰੇ ਦੇ ਸਿਧਾਂਤ ਨੂੰ ਬਾਬਾ ਸਾਹਿਬ ਨੇ ਪ੍ਰੈਕਟੀਕਲ ਰੂਪ ਵਿਚ ਕਿਵੇਂ ਪ੍ਰਾਪਤ ਹੋ ਸਕਦਾ ਹੈ, ਉਸ ਬਾਰੇ ਆਪਣਾ ਇਕ-ਇਕ ਸੁਆਸ ਕੌਮ 'ਤੇ ਵਾਰਿਆ। ਬਾਬਾ ਸਾਹਿਬ ਦੀ ਯਾਦ ਵਿਚ ਰੱਖੇ ਪ੍ਰਭਾਵਸ਼ਾਲੀ ਸਮਾਗਮ ਲਈ ਪ੍ਰਬੰਧਕਾਂ ਤੇ ਸੰਗਤਾਂ ਦਾ ਧੰ-ਨਵਾਦ ਵੀ ਕੀਤਾ। ਗੁਰੂ ਘਰ ਦੇ ਸਾਬਕਾ ਸਕੱਤਰ ਸ੍ਰੀ ਓਮ ਪ੍ਰਕਾਸ਼, ਨਿਰਮਲ ਸਿੰਘ ਖਾਲਸਾ ਅਤੇ ਕੁਲਵਿੰਦਰ ਸਿੰਘ ਨੇ ਵੀ ਆਪਣੇ ਪ੍ਰਭਾਵਸ਼ਾਲੀ ਵਿਚਾਰਾਂ ਨਾਲ ਸਾਂਝ ਪਾਈ। ਧੀਰਜ ਕੁਮਾਰ ਨੇ ਕਵਿਤਾ ਰਾਹੀਂ ਬਾਬਾ ਸਾਹਿਬ ਦੇ ਸੰਦੇਸ਼ ਨੂੰ ਤਾਜ਼ਾ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰੂ ਘਰ ਦੇ ਸਕੱਤਰ ਪਰਮਜੀਤ ਫਿਲੌਰ ਨੇ ਬਾਖੂਬੀ ਨਿਭਾਈ। ਕੌਂਸਲਰ ਜਨਰਲ ਡਾ.ਦਿਵਾਨੀ ਅਤੇ ਐਮ. ਆਰ.ਪਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂ ਘਰ ਦਾ ਹਾਲ ਸੰਗਤਾਂ ਨਾਲ ਖਚਾਖਚ ਭਰਿਆ ਹੋਇਆ ਸੀ। ਸਿੱਧਾ ਪ੍ਰਸਾਰਣ ਵੇਖ ਰਹੀ ਸੰਗਤ ਨੇ ਪ੍ਰਬੰਧਕਾਂ ਦੇ ਇਸ ਨਿਵੇਕਲੇ ਉਦਮ ਲਈ ਫੋਨ ਕਰਕੇ ਵਧਾਈ ਦਿੱਤੀ।

ਗੁਰੂ ਘਰ ਦੇ ਪ੍ਰਬੰਧਕਾਂ ਨੇ ਜਿੱਥੇ ਗੁਰੂ ਘਰ ਦੀ ਸੰਗਤ ਦਾ ਧੰਨਵਾਦ ਕੀਤਾ,ਉਥੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੇ ਸਮੂਹ ਸੇਵਾਦਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਹਨਾਂ ਨੇ ਗੁਰੂ ਘਰ ਦੇ ਹਰ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿਚ ਵਿਸ਼ੇਸ਼ ਯੋਗਦਾਨ ਦਿੱਤਾ ਹੈ। ਸੰਗਤਾਂ ਵਿਚ ਬਾਬਾ ਸਾਹਿਬ ਦੇ ਇਸ ਪ੍ਰਭਾਵਸ਼ਾਲੀ ਸਮਾਗਮ ਦੀ ਬਹੁਤ ਚਰਚਾ ਹੈ।

# ਤਲਵੰਡੀ ਫੱਤੂ ਵਿਖੇ ਡਾ.ਅੰਬੇਦਕਰ ਜਨਮ ਦਿਨ 'ਤੇ ਪ੍ਰੋ.ਗੁਰਨਾਮ ਸਿੰਘ ਮੁਕਤਸਰ ਨੇ ਸੰਬੋਧਨ ਕੀਤਾ











ਤਲਵੰਡੀ ਫੱਤੂ (ਪੰਜਾਬ)- ਗ੍ਰਾਮ ਪੰਚਾਇਤ ਤਲਵੰਡੀ ਫੱਤੂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਦੀ ਧਰਮਸ਼ਾਲਾ ਵਿਖੇ ਡਾਕਟਰ ਅੰਬੇਦਕਰ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਸਮਾਗਮ ਤੋਂ ਪਹਿਲਾਂ ਰਾਤ ਸਮੇਂ ਮੋਮਬੱਤੀਆਂ ਜਗਾ ਕੇ ਪਿੰਡ ਵਿਚ ਮਾਰਚ ਕੀਤਾ ਗਿਆ, ਜਿਸ ਵਿਚ ਬੱਚਿਆਂ, ਨੌਜਵਾਨਾਂ, ਔਰਤਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਸਮਾਗਮ ਦੀ ਰਸਮੀ ਸ਼ੁਰੂਆਤ ਬਾਬਾ ਸਾਹਿਬ ਦੀ ਤਸਵੀਰ ਅੱਗੇ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ, ਜਿਸ ਵਿਚ ਗੁਰਨਾਮ ਸਿੰਘ ਮੁਕਤਸਰ, ਹਰਮਿੰਦਰ ਸਿੰਘ ਸਰਪੰਚ, ਕੁਲਦੀਪ ਸਿੰਘ ਤਲਵੰਡੀ ਫੱਤੂ, ਰਾਮ ਪ੍ਰਕਾਸ਼ ਮੰਗੂਵਾਲ ਸ਼ਾਮਲ ਹੋਏ। ਸ. ਹਰਪਾਲ ਸਿੰਘ, ਪ੍ਰਿੰਸੀਪਲ ਜੋਗਿੰਦਰ ਸਿੰਘ ਨੇ ਸ਼ੁਰੂਆਤੀ ਭਾਸ਼ਣਾਂ ਵਿਚ ਬਾਵਾ ਸਾਹਿਬ ਦੇ ਜੀਵਨ ਸਬੰਧੀ ਵਿਚਾਰ ਪੇਸ਼ ਕੀਤੇ। ਉਪਰੰਤ ਉਘੇ ਦਲਿਤ ਚਿੰਤਕ ਪ੍ਰੋ. ਗੁਰਨਾਮ ਸਿੰਘ ਮੁਕਤਸਰ ਨੇ ਆਪਣੇ ਸੰਜੀਦਾ ਅਤੇ ਪ੍ਰਭਾਵਸ਼ਾਲੀ ਭਾਸ਼ਣ ਰਾਹੀਂ ਵਿਸਾਖੀ ਦੀ ਦਲਿਤ ਇਤਿਹਾਸ ਵਿਚ ਮਹੱਤਤਾ ਨੂੰ ਵਿਸਥਾਰ ਸਹਿਤ ਬਿਆਨਦਿਆਂ ਇਸ ਦਿਨ ਨੂੰ ਮਹੱਤਵਪੂਰਨ ਦੱਸਿਆ। ਉਹਨਾਂ ਖਾਲਸਾ ਪੰਥ ਦੀ ਸਾਜਨਾ ਅਤੇ ਸਿੱਖ ਧਰਮ ਵਿਚ ਦਲਿਤਾਂ ਦੇ ਯੋਗਦਾਨ ਦਾ ਵਰਣਨ ਕੀਤਾ। ਬਾਵਾ ਸਾਹਿਬ ਡਾਕਟਰ ਅੰਬੇਦਕਰ ਦੀ ਜੀਵਨੀ ਅਤੇ ਦੇਸ਼ ਲਈ ਅਤੇ ਕੌਮ ਲਈ ਕੀਤੇ ਅਣਮੁੱਲੇ ਕਾਰਜਾਂ ਦਾ ਵੇਰਵਾ ਵਿਸਥਾਰ ਸਹਿਤ ਬਿਆਨ ਕੀਤਾ। ਦਲਿਤ ਸਮਾਜ ਲਈ ਹਜ਼ਾਰਾਂ ਸਾਲਾਂ ਦੀ ਗੁਲਾਮੀ ਤੋਂ ਬਾਅਦ ਇਕ ਵਿਲੱਖਣ ਮੋੜ ਦੇਣ ਵਾਲੇ ਦਿਨ 26 ਜਨਵਰੀ 1950 ਨੂੰ ਹਮੇਸ਼ਾ ਯਾਦ ਰੱਖਣ ਲਈ ਕਿਹਾ, ਜਿਸ ਦਿਨ ਇਸ ਦੇਸ਼ ਵਿਚ ਬਾਵਾ ਸਾਹਿਬ ਦਾ ਲਿਖਿਆ ਸੰਵਿਧਾਨ ਲਾਗੂ ਕੀਤਾ ਗਿਆ। ਜੋ ਦਲਿਤ ਸਮਾਜ ਦੀ ਆਜ਼ਾਦੀ ਦਾ ਪਹਿਲਾ ਦਿਨ ਹੋ ਨਿੱਬੜਦਾ ਹੈ। ਫਿਰ ਉਹਨਾਂ ਨੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਵੀ ਇਸ ਦੇ ਸੰਪੂਰਨ ਰੂਪ ਵਿਚ ਲਾਗੂ ਨਾ ਹੋਣ ਦਾ ਕਾਰਨ ਬ੍ਰਾਹਮਣਵਾਦੀ ਵਿਚਾਰਧਾਰਾ ਨੂੰ ਦੱਸਿਆ। ਉਹਨਾਂ ਨੇ ਲੋਕਤੰਤਰ ਦੇ ਅਸਲ ਅਰਥ ਸਮਝਾਏ, ਜਿਸ ਮੁਤਾਬਕ ਇਸ ਨੂੰ ਲੋਕਤੰਤਰ ਕਹਿਣਾ ਇਸ ਸ਼ਬਦ ਦੇ ਨਾਲ ਅੱਨਿਆ ਹੋਵੇਗਾ। ਉਸ ਦਿਨ ਤੱਕ ਅਸਲ ਲੋਕਤੰਤਰ ਲਾਗੂ ਨਹੀਂ ਹੋ ਸਕੇਗਾ, ਜਦੋਂ ਤੱਕ ਦਲਿਤ ਸਮਾਜ ਇਸ ਦੇ ਅਸਲ ਅਰਥਾਂ ਤੋਂ ਦੂਰ ਰਹਿ ਕੇ, ਛੋਟੀ ਅਤੇ ਤੁੱਛ ਕੀਮਤ ਤੇ ਵਿਕਣ ਵਾਲਾ ਸਮਾਜ ਨਹੀਂ ਰਹੇਗਾ। ਆਪਣੀ ਵੋਟ ਦੀ ਅਸਲ ਕੀਮਤ ਨੂੰ ਪਛਾਣ ਲਵੇਗਾ। ਪ੍ਰੋ. ਗੁਰਨਾਮ ਸਿੰਘ ਮੁਕਤਸਰ ਨੇ ਸਰਲ ਅਤੇ ਵਿਸਥਾਰਿਤ ਢੰਗ ਨਾਲ ਆਪਣੀ ਗੱਲ ਕਰਦੇ ਹੋਏ ਕਿਹਾ ਕਿ ਆਪਣੀ ਸੋਚ ਨੂੰ ਪੂਰੀ ਤਰ੍ਹਾਂ ਬਦਲਣ 'ਤੇ ਆਪਣੀ ਤੇ ਆਪਣੀ ਵੋਟ ਦੀ ਕੀਮਤ ਪਛਾਣ ਕੇ ਪੜ੍ਹ ਲਿਖ ਕੇ ਇਹ ਅਹਿਦ ਕਰੀਏ ਕਿ ਅਸੀਂ ਇਸ ਦੇਸ਼ ਦੇ ਹੁਕਮਰਾਨ ਬਣ ਕੇ ਗੁਲਾਮੀ ਦਾ ਜੂਲਾ ਲਾਹੁਣਾ ਹੈ। ਆਪਣੀ ਅਸਲ ਆਜ਼ਾਦੀ ਮਾਨਣੀ ਹੈ।



ਉਹਨਾਂ ਦੱਸਿਆ ਕਿ ਬ੍ਰਿਟਿਸ਼ ਹਕੂਮਤ ਨੇ ਬਾਵਾ ਸਾਹਿਬ ਦੇ ਧਿਆਨ ਦਿਵਾਉਣ ਤੇ ਸਾਈਮਨ ਕਮਿਸ਼ਨ ਨੂੰ ਭਾਰਤ ਵਿਚ ਦਲਿਤਾਂ ਦੇ ਹਾਲਾਤ ਦਾ ਸਰਵੇ ਕਰਨ ਲਈ ਭੇਜਿਆ। ਪਰ ਭਾਰਤ ਵਿਚ ਉਸ ਦਾ ਵੱਡਾ ਵਿਰੋਧ ਕੀਤਾ ਗਿਆ। ਪਰ ਬਾਵਾ ਸਾਹਿਬ ਦੇ ਹੱਕ ਵਿਚ ਪਹਿਲਾਂ ਤੋਂ ਹੀ ਲਾਮਬੰਦ ਆਦਿ ਧਰਮ ਮੰਡਲ ਦੇ ਬਾਨੀ ਰਹਿਨੁਮਾ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਵੀ ਦਸ ਹਜ਼ਾਰ ਆਦਿ ਧਰਮੀਆਂ ਦੇ ਜਥੇ ਨਾਲ ਸਾਈਮਨ ਕਮਿਸ਼ਨ ਨੂੰ ਜੀ ਆਇਆਂ ਕਹਿਣ ਲਈ ਲਾਹੌਰ ਪੁੱਜੇ ਸਨ। ਇਹ ਦਿਨ ਵੀ ਦਲਿਤ ਸਮਾਜ ਦਾ ਯਾਦਗਾਰੀ ਦਿਨ ਹੈ। ਇਸ ਪ੍ਰਭਾਵਸ਼ਾਲੀ ਸਮਾਗਮ ਵਿਚ ਵੱਡੇ ਇਕੱਠ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣਾਂ ਸਮੇਤ ਰਾਮ ਪ੍ਰਕਾਸ਼ ਮੰਗੂਵਾਲ, ਡਾਕਟਰ ਪਰਮਜੀਤ ਭੰਗੂ, ਜੋਗਿੰਦਰ ਰਾਮ, ਨਿਰਮਲ ਰਾਮ, ਕੁਲਵੰਤ ਰਾਮ, ਲਛਮਣ ਦਾਸ, ਗੁਰਚਰਨ ਦਾਸ, ਅਮਰੀਕ ਰਾਮ, ਜਸਵੀਰ ਕੌਰ ਪੰਚ, ਬਲਵੀਰ ਕੌਰ ਪੰਚ, ਸੁਰਿੰਦਰ ਕੁਮਾਰ ਪੰਚ, ਮਨਜੀਤ ਕੌਰ, ਕਮਲਜੀਤ ਨਾਹਰ, ਬੂਟਾ ਸਿੰਘ, ਕਰਮਜੀਤ ਸਿੰਘ, ਹਰਵਿੰਦਰ ਸਿੰਘ, ਸੰਤੋਖ ਸਿੰਘ, ਚਮਨ ਲਾਲ, ਦੇਸ ਰਾਜ ਹਾਜ਼ਰ ਸਨ। ਕੁਲਦੀਪ ਸਿੰਘ ਤਲਵੰਡੀ ਫੱਤੂ ਨੇ ਸਟੇਜ ਸਕੱਤਰ ਦੀ ਡਿਊਟੀ ਸੁਚੱਜੇ ਢੰਗ ਨਾਲ ਨਿਭਾਈ। ਸਮਾਗਮ ਦੇ ਅਖਰ ਵਿਚ ਹਰਮਿੰਦਰ ਸਿੰਘ ਸਰਪੰਚ ਤਲਵੰਡੀ ਫੱਤੂ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ***– ਰੇਸ਼ਮ ਕਰਨਾਣਵੀ (98158-80104)***



My final words of advice to you are "Educate, Agitate and Organize"; have faith in yourself. With justice on our side I do not see how we can lose our battle. The battle to me is a matter of joy. The battle is in the fullest sense spiritual. There is nothing material or social in it. For ours is a battle not for wealth or for power. It is battle for freedom. It is the battle of reclamation of human personality. - *Dr. B. R. Ambedkar*

Dear Friends,

Hearty Jai Bhim wishes to you all on 122nd Babasaheb Dr. B. R. Ambedkar Birth Anniversary! Once someone asked Babasaheb Dr. B. R. Ambedkar what is your message to your people, people who have no access to Education, Oppressed, Poor, Starving and Suffering from poverty and what not! Babasaheb said, my life is my Message for my People!

What did he mean by it! I feel, he tried to leave his life as a lesson for US ALL!

There is lot to learn from Babasaheb, his determination, his sufferings, his sacrifices, his education, his dedication, his commitment, his undying spirit and never say die attitude etc!

Babasaheb had to bury 4 of his children at very young age because he could not provide them Medicines. He lost his wife also because he could not provide decent medicines. And friends he could not provide medicines for them because he was busy fighting for us. Busy fighting for our moms, our dads and our children! We are here because he and many of our mahapurushas gave up their very family & everything to see us all here. Let us take inspiration from him and thousands of our brethern who believed in him who gave up their lives to give us this future we are enjoying. Let us pledge to Payback to the Society in whatever tiny, mini way we can! Please ACT!

We feel as Babasaheb's followers, it is our minimum courtesy & duty to give our 10% of time, talent and treasure to take his caravan forward. We owe it to thousands & crores of villagers/ancestors who sacrificed their lives for us.

Let us look that single reason which compels us to be together and forget those thousand things that may divide us.

**So help us celebrate this great man's life on:**

## April 27, 2013
## 6 pm to 11 pm

## (916) 478-9000

## Holliday Inn Express 9175 W. Stockton Blvd, Elk Grove, CA 95758



**M. R. Paul**



**Makhan Lohar**



**Palwinder Mahi**



**Amar Daroch**

# BAMCEF INTERNATIONAL

**M. R. Paul (916) 745-9159, Makhan Lohar (916) 613-0577**

**Palwinder Mahi (530) 237-7084, Amar Daroch (559) 905-6217**

ੴ ਸਤਿਗੁਰ ਪ੍ਰਸਾਦਿ

ਐਸੀ ਲਾਲ ਤੁਝ ਬਿਨੁ ਕਉਨ ਕਰੈ। ਗਰੀਬ ਨਿਵਾਜ ਗੁਸਈਆ ਮੇਰਾ ਮਾਥੇ ਛਤ੍ਰ ਧਰੈ। ਨਾਥ ਕਛੂ ਨਾ ਜਾਨਓ। ਮਨ ਮਾਇਆ ਹੈ ਹਾਥ ਬਿਕਾਨੋ।

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

**61-01 Broadway, Woodside NY 11377**



ਸ੍ਰੀ ਗੁਰੂ ਰਵਿਦਾਸ ਜੀ

## ਪ੍ਰੋਗਰਾਮ ਦਾ ਵੇਰਵਾ

28 ਅਪ੍ਰੈਲ 2013 ਨੂੰ ਦੇਸ਼ ਦੇ ਮਹਾਨ ਦੇਸ਼ ਭਗਤ ਗਦਰੀ ਬਾਬਾ ਅਤੇ ''ਆਦਿ ਧਰਮ'' ਪੰਜਾਬ ਮੰਡਲ ਦੇ ਬਾਨੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੀ ਬਰਸੀ ਮਨਾਈ ਜਾਵੇਗੀ। ਇਸ ਮੌਕੇ ਰਾਗੀ, ਢਾਡੀ ਜਥਿਆਂ ਤੋਂ ਇਲਾਵਾ ਨਾਮਵਰ ਬੁਲਾਰੇ ਬਾਬਾ ਮੁੱਗੋਵਾਲੀਆ ਜੀ ਦੇ ਦੇਸ਼ ਪ੍ਰਤੀ ਕੀਤੀ ਲਾਸਾਨੀ ਕੁਰਬਾਨੀ ਅਤੇ ਭਾਰਤ ਦੇ ਮੂਲ ਨਿਵਾਸੀਆਂ 'ਚ ਸਮਾਜਿਕ, ਰਾਜਨੀਤਿਕ, ਧਾਰਮਿਕ ਅਤੇ ਆਰਥਿਕ ਪੱਖੋਂ ਜਾਗਰੂਕ ਕਰਨ ਲਈ ਕੀਤੇ ਜ਼ਬਰਦਸਤ ਸੰਘਰਸ਼ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਜਾਵੇਗਾ। 26 ਅਪ੍ਰੈਲ 2013 ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਅਤੇ 28 ਅਪ੍ਰੈਲ 2013 ਨੂੰ ਭੋਗ ਪਾਏ ਜਾਣਗੇ।

**ਇਸ ਮੌਕੇ ਤੇ ਸਮੂਹ ਸੰਗਤ ਨੂੰ ਸਭਾ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਸਮੂਹ ਪਰਿਵਾਰਾਂ ਸਮੇਤ ਹਾਜ਼ਰੀ ਲਗਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।**




ਗੁਰੂ ਪਿਆਰੀ ਸਾਧ ਸੰਗਤ ਜੀ,

ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਆਉਣ ਵਾਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਇਸ ਮਾਡਲ ਵਾਂਗਰਾਂ ਦਿੱਤੀ ਜਾਵੇਗੀ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ-ਕਮਾਈਆਂ ਵਿਚੋਂ ਦਸਵੰਧ ਕੱਢ ਕੇ ਗੁਰੂ ਘਰ ਦੀ ਇਮਾਰਤ ਦੇ ਇਕ ਖ਼ੂਬਸੂਰਤ ਸੁਪਨੇ ਨੂੰ ਸਾਕਾਰ ਕਰਨ ਲਈ ਤਨੋ-ਮਨੋ-ਧਨੋ ਸਹਿਯੋਗ ਦਿਓ ਜੀ।

**ਗੁਰੂ ਕੇ ਲੰਗਰ ਅਤੁੱਟ ਵਰਤਣਗੇ।**



ਬਾਬੂ ਮੰਗੂ ਰਾਮ ਮੁੱਗੋਵਾਲੀਆ

## ਆਪ ਸਭ ਸੰਗਤਾਂ ਦੀ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ

# Shri Guru Ravidass Temple New York

## ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ

# 718- 898- 8150

ਮੁੱਖ ਸੇਵਾਦਾਰ: ਸ.ਨਿਰਮਲ ਸਿੰਘ 347-538-8296

ਕੈਸ਼ੀਅਰ: ਭੋਲਾ ਕਲੇਰ 917-405-1168

ਜਨਰਲ ਸਕੱਤਰ: ਪਰਮਜੀਤ ਲਾਲ 917-854-8628

# ਸੈਕਰਾਮੈਂਟੋ ਵਾਸੀਆਂ ਨੇ 24ਵਾਂ ਵਿਸਾਖੀ ਮੇਲਾ ਵਿਰਾਸਤੀ ਰੰਗਾਂ ਸੰਗ ਮਨਾਇਆ
































ਵਰਗੀਆਂ ਬੱਚੀਆਂ ਨੇ ਖੂਬਸੂਰਤ ਗਿੱਧਾ ਪੇਸ਼ ਕੀਤਾ। ਇਸ ਉਪਰੰਤ ਕਾਜਲ ਜੈਂਗ ਨੇ ਪੰਜਾਬੀ ਗੀਤ ਦੀ ਤਰਜ਼ ਤੇ ਡਾਂਸ ਪੇਸ਼ ਕੀਤਾ। ਪੰਜਾਬ ਦੀਆਂ ਮੁਟਿਆਰਾਂ ਦੀਆਂ ਵਖ ਵਖ ਟੀਮਾਂ ਵਲੋਂ ਦੋ ਹੋਰ ਗਿੱਧੇ, ਇਕ ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਤੇ ਦੂਸਰਾ 'ਗਿੱਧਾ ਪੰਜਾਬਣਾਂ ਦਾ' ਦੀ ਟੀਮ ਵਲੋਂ ਪੇਸ਼ ਕੀਤੇ ਗਏ। ਭੰਗੜੇ ਵਿਚ ਪੰਜ ਟੀਮਾਂ 'ਮੇਰਾ ਵਸਦਾ ਪੰਜਾਬ'- 'ਅਜੈ ਅਕੈਡਮੀ'- 'ਅਣਖੀਲੇ ਗਭਰੂ'- 'ਮਾਣ ਦੁਆਬੇ ਦਾ' ਤੇ ਯੂ ਸੀ ਡੇਵਿਸ ਆਪੋ ਆਪਣੀਆਂ ਵੰਨ ਸੁਵੰਨੀਆਂ ਆਈਟਮਾਂ ਲੈ ਕੇ ਸ਼ਾਮਲ ਹੋਈਆਂ। 'ਮੇਰਾ ਵਸਦਾ ਪੰਜਾਬ' ਦੀ ਟੀਮ ਨਿਰੋਲ ਕੁੜੀਆਂ ਦੀ ਸੀ ਉਹਨਾਂ ਦੇ ਗਲਾਂ ਵਿਚ ਪਾਏ ਕੰਠੇ ਤੇ ਭੰਗੜਾ ਆਪਣੀ ਵੱਖਰੀ ਹੀ ਦਿਖ ਵਾਲੇ ਸਨ। ਯੂ ਸੀ ਡੇਵਿਸ ਤੇ ਮਾਣ ਦੁਆਬੇ ਦੀਆਂ ਟੀਮਾਂ ਦੀ ਪੇਸ਼ਕਾਰੀ ਬਹੁਤ ਸ਼ਾਨਦਰ ਸੀ। ਇਹਨਾ ਦੇ ਕੰਨੀਦਾਰ ਚਾਦਰੇ ਗਲਾਂ ਵਿਚ ਕੰਠੇ ਤੇ ਸਿਰਾਂ ਤੇ ਸੁੰਹਦੇ ਸ਼ਮਲੇ ਇਕਲੇ ਇਕਲੇ ਦੇ ਰੂਪ ਨੂੰ ਚਾਰ ਚੰਦ ਲਾ ਰਹੇ ਸਨ।

ਰੂਪਇੰਦਰ ਗਿਲ ਦੁਆਰਾ ਤਿਆਰ ਕਰਵਾਈ ਛੜਿਆਂ ਦਾ ਹਾਲ ਦਰਸਾਉਂਦੀ ਸਕਿਟ ਨੇ ਹਾਲ ਵਿਚ ਹਾਸਿਆਂ ਦੀ ਸ਼ਹਿਬਰ ਲਾ ਦਿਤੀ। ਦਲਜੀਤ ਸਿੰਘ ਲੋਪੋਂ ਨੇ ਇਕ ਕਵੀਸ਼ਰੀ ਇਕਲਿਆਂ ਗਾ ਕੇ ਸੁਣਾਈ। ਪੂਨਮ ਮਲਹੋਤਰਾ ਨੇ ਆਪਣੀ ਬੁਲੰਦ ਅਵਾਜ਼ ਵਿਚ ਮਿਰਜ਼ਾ, ਮਿਕੀ ਸਰਾਂ ਨੇ ਗੀਤ, ਪੰਜਾਬ ਦੀ ਮਸ਼ਹੂਰ ਗਇਕ ਸੁਖਵੰਤ ਸੁਖੀ ਨੇ ਆਪਣੇ ਦੋ ਗੀਤਾਂ ਤੋਂ ਇਲਾਵਾ ਕੰਵਲਜੀਤ ਨਾਲ ਮਿਲਕੇ ਇਕ 'ਦੋਗਾਣਾ' -ਤੇਰਾ ਆਉਣਾ ਨੀ ਸਮੁੰਦਰਾਂ ਦੀ ਛੱਲ ਵਰਗਾ, ਅੱਜ ਕਰੀਂ ਨਾ ਤੂੰ ਹਾਲ ਮੇਰਾ ਕਲ ਵਰਗਾ। ਕੁਮਾਰ ਖਟਕੜ ਨੇ ਸਜਰੇ ਗੁਲਾਬ ਵਰਗਾ ਗੀਤ ਸਰੋਤਿਆਂ ਦੀ ਨਜ਼ਰ ਕੀਤਾ ਅਤੇ ਇਸ ਕਮੇਟੀ ਦੇ ਮੋਢੀ ਅਤੇ ਪ੍ਰਬੰਧਕ ਰਛਪਾਲ ਸਿੰਘ ਫਰਵਾਲਾ ਨੇ ਪ੍ਰਦੇਸਾਂ ਵਿਚ ਪੁਤ ਦੇ ਦੁਖੜਿਆਂ ਦੀ ਗਾਥਾ ਬਿਆਨ ਕਰਦਾ ਗੀਤ 'ਕਿਤੋਂ ਆਜਾ ਬਾਪੂ ਓਏ, ਦੁਖੜੇ ਸੁਣ ਲੈ ਪੁਤ ਦੇ ਆਕੇ '।ਦਰਦ ਭਰੀ ਅਵਾਜ਼ ਵਿਚ ਸੁਣਾਇਆ।

ਪੀ ਸੀ ਐੱਸ ਸੈਕਰਾਮੈਂਟੋ ਨੇ ਸਮਾਜ ਸੇਵੀਆਂ ਨੂੰ ਮਾਣ ਬਖਸ਼ਣ ਦੀ ਆਪਣੀ ਰਵਾਇਤ ਨੂੰ ਕਾਇਮ ਰਖਦਿਆਂ ਇਸ ਵਾਰ ਸਟਾਕਟਨ ਤੋਂ ਡਾ: ਹਰਭਜਨ ਸਿੰਘ ਸ਼ੇਰ ਗਿੱਲ ਤੇ ਜਸਪਾਲ ਸਿੰਘ ਸੂਸ ਨੂੰ ਓਹਨਾ ਦੀਆਂ ਸਾਹਿਤਕ ਸੇਵਾਵਾਂ ਲਈ ;ਐਲਕ ਗਰੋਵ ਦੇ ਮੇਅਰ ਗੈਰੀ ਡੇਵਿਸ ਨੂੰ ਸਮਾਜਿਕ ਸਰਗਰਮੀਆਂ ਲਈ ਅਤੇ ਸਵਰਗਵਾਸੀ ਮਾਸਟਰ ਬਚਿਤਰ ਸਿੰਘ ਜੀ ਨੂੰ ਉਹਨਾਂ ਦੀਆਂ ਧਾਰਮਿਕ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ। ਇਸ ਪਰੋਗ੍ਰਾਮ ਵਿਚ ਸੈਕਰਮੈਂਟੋ ਸ਼ਹਿਰ ਤੋਂ ਸਰਦਾਰ ਚਰਨ ਸਿੰਘ ਜੱਜ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਨਰਿੰਦਰ ਪਾਲ ਸਿੰਘ ਹੁੰਦਲ ਅਤੇ ਨਰਿੰਦਰ ਔਜਲਾ (ਡਾਇਮਡ ਕਲੱਬ ਕੈਲੀਫੋਰਨੀਆ) ਸ਼ਾਮਲ ਹੋਏ।

ਇਸ ਸਾਰੇ ਪ੍ਰੋਗਰਾਮ ਨੂੰ ਸਟੇਜ ਸਕੱਤਰ ਜਸਵੰਤ ਸਿੰਘ ਸ਼ਾਦ ਨੇ ਆਪਣੀ ਹੁਨਰਮੰਦੀ ਨਾਲ ਬੜੀ ਸੁਹਣੀ ਤਰਾਂ ਸੰਭਾਲਿਆ।

ਮੇਲੇ ਦੀ ਸਫਲਤਾ ਲਈ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਰਾਜਿੰਦਰ ਪਾਲ ਸਿੰਘ, ਅਮਰੀਕ ਸਿੰਘ, ਹਰਜਿੰਦਰ ਬਸਰਾ, ਤੀਰਥ ਸਹੋਤਾ, ਪਰਮਜੀਤ ਢਿਲੋਂ, ਸੁਰਿੰਦਰ ਬਿੰਦਰਾ, ਅਜਾਇਬ ਕਾਹਲੋਂ, ਹ ਸ :ਰਛਪਾਲ ਫਰਵਾਲਾ, ਜਰਨੈਲ ਸਰਪੰਚ, ਦੇਬੀ ਗਿੱਲ, ਸੁਖਰਾਜ ਸਿੰਘ ਔਲਖ, ਭੁਪਿੰਦਰ ਰੀਹਲ, ਜਸਵਿੰਦਰ ਪੂੰਨੀ, ਜਸਵੰਤ ਸ਼ਾਦ, ਅਰਜਿੰਦਰ ਕੁਕੀ, ਪਵਿਤਰ ਨਾਹਲ, ਸਤਵਿੰਦਰ ਰੰਗੀ, ਵਰਿੰਦਰ ਸੰਘੇੜਾ, ਕਮਲ ਬੰਗਾ, ਪਰਮਿੰਦਰ ਵਿਰਕ, ਬਲਬੀਰ ਜੌਹਲ, ਅਵਤਾਰ ਦੌਂਦ, ਹਰਜਿੰਦਰ ਪੰਧੇਰ, ਸਤਵਿੰਦਰ ਸਰਹੱਦੀ, ਪਾਲ ਸਿੰਘ, ਮਨੋਹਰ ਲਾਲ ਰੱਤੀ, ਜਰਨੈਲ ਮੰਡੇਰ, ਜਗਜੀਤ ਕੰਦੋਲਾ, ਵਿਜੈ ਸਿੰਘ, ਹਰਜੰਦਰ ਸੰਧੂ, ਰਾਜ ਬਰਾੜ, ਬਖਸ਼ੀਸ ਗਿੱਲ, ਦਲਜੀਤ ਸਿੰਘ ਲੋਪੋ ਅਤੇ ਕਰਮਜੀਤ ਮਿਨਹਾਸ ਭਰਭੂਰ ਯੋਗਦਾਨ ਪਾਇਆ। ਇਸ ਪ੍ਰੋਗਰਾਮ ਵਿਚ ਸਟੇਜ ਨਾਲ ਸਬੰਧਤ ਜਰੂਰਤਾਂ ਲਈ, ਮਿਊਜ਼ਿਕ ਬੇ -ਏਰੀਆ, ਸਾਊਂਡ- ਦਵਿੰਦਰ ਦਿੰਦੀ, ਵੀ ਡੀ ਓ- ਦੇਵ ਸਿੰਘ ਅਤੇ ਫੋਟੋਗ੍ਰਾਫੀ ਲਈ ਜਗਤਾਰ ਜੈਗ ਦਾ ਸਹਿਯੋਗ ਲਿਆ ਗਿਆ। ਅੰਤ ਵਿਚ ਸ:ਰਛਪਾਲ ਸਿੰਘ ਫਰਵਾਲਾ ਨੇ ਮੇਲੇਦਾ ਅਨੰਦ ਮਾਣਨ ਆਏ ਦਰਸ਼ਕਾਂ ਕਮੇਟੀ ਮੈਂਬਰਾਂ ਅਤੇ ਮਾਇਕ ਸਹਾਇਤਾ ਦੇਣ ਵਾਲੇ ਸਮੂਹ ਸੱਜਣਾਂ, ਮੀਡੀਏ ਵਲੋਂ ਕਵਰੇਜ਼ ਕਰਨ ਆਏ, ਪਰੇਮ ਚੁੰਬਰ, ਸ: ਜਗਦੇਵ ਸਿੰਘ ਭੰਡਾਲ ਅਤੇ ਜਸਵੰਤ ਸਿੰਘ ਸੈਦੋਕੇ ਤੋਂ ਇਲਾਵਾ ਗਾਇਕਾਂ ਅਤੇ ਕਲਾਕਾਰਾਂ ਦਾ ਧੰਨਵਾਦ ਕਰਦਿਆਂ ਅਗਲੇ ਵਰ੍ਹੇ ਇਸ ਸੰਸਥਾ ਦੇ 25 ਵਰ੍ਹੇ ਪੂਰੇ ਹੋਣ ਤੇ ਸਿਲਵਰ ਯੁਬਲੀ ਮਨਾਉਣ ਦਾ ਵੀ ਐਲਾਨ ਕੀਤਾ।

– ਹਰਜਿੰਦਰ ਪੰਧੇਰ (209-610- 5055)

ਜੈ ਭੀਮ ਜੈ ਭਾਰਤ

# ਬੇਗਮਪੁਰਾ ਕਲਚਰਲ ਸੁਸਾਇਟੀ



ਬੜੇ ਮਾਣ ਨਾਲ ਮਨਾ ਰਹੀ ਹੈ

ਭਾਰਤ ਰਤਨ, ਭਾਰਤੀ ਸੰਵਿਧਾਨ ਦੇ ਨਿਰਮਾਤਾ, ਅਛੂਤਾਂ ਦੇ ਮੁਕਤੀਦਾਤਾ, ਦੁਨੀਆ ਦੇ ਸੱਤਵੇਂ ਦਿਮਾਗ

# ਬਾਬਾ ਸਾਹਿਬ ਭੀਮ ਰਾਓ ਡਾ. ਅੰਬੇਦਕਰ ਜੀ

## ਦਾ 122 ਵਾਂ ਜਨਮ ਦਿਨ

## 28 ਅਪ੍ਰੈਲ ਦਿਨ ਐਤਵਾਰ : ਫ਼ਾਈਵ ਸਟਾਰ ਡਾਈਨਰ ਲਾਂਗ ਆਈ ਲੈਂਡ ਸਿਟੀ ਵਿਖੇ

**28 APRIL, FIVE STAR BANQUET HALL,13-15 43rd AVE LONG ISLAND CITY NY11101**

**ਪ੍ਰੋਗਰਾਮ** ਸਵੇਰੇ 10:30 ਤੋਂ ਸ਼ਾਮ 6:00 ਵਜੇ ਤੱਕ ਹੋਵੇਗਾ, ਚਾਹ ਪਾਣੀ ਤੇ ਲੰਗਰ ਪੂਰਾ ਸਮਾਂ ਵਰਤੇਗਾ

**ਇੱਕ ਕਹਾਨੀ ਵਕਤ ਲਿਖੇਗਾ ਨਏ ਮਜ਼ਮੂਨ ਕੀ, ਜਿਸ ਕੀ ਸੁਰਖੀ ਕੋ ਜ਼ਰੂਰਤ ਹੈ ਤੁਮਹਾਰੇ ਖ਼ੂਨ ਕੀ ॥**



ਲਖਵਿੰਦਰ ਲੱਕੀ



ਡਾ. ਐਸ. ਐਲ. ਵਿਰਦੀ

ਬਾਬਾ ਸਾਹਿਬ ਜੀ ਨੇ ਇੱਕ ਨਾਅਰਾ ਦਿੱਤਾ ਸੀ ਕਿ ਗ਼ੁਲਾਮਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਾ ਦਿਓ, ਉਹ ਬਗ਼ਾਵਤ ਕਰ ਦੇਣਗੇ



ਮੇਹਸ਼ੀ ਬੰਗੜ



ਸੁਰਿੰਦਰ ਸ਼ਿੰਦਾ

## ਪਹੁੰਚ ਰਹੇ ਕਲਾਕਾਰ ਅਤੇ ਬੁਲਾਰੇ

ਉੱਘੇ ਪੰਜਾਬੀ ਗਾਇਕ ਸੁਰਿੰਦਰ ਸ਼ਿੰਦਾ, ਲਖਵਿੰਦਰ ਲੱਕੀ, ਮੇਸ਼ੀ ਬੰਗੜ, ਮਿਸ਼ਨਰੀ ਤੇ ਚਿੰਤਕ ਲੇਖਕ ਐਡਵੋਕੇਟ ਡਾ. ਸੰਤੋਖ ਲਾਲ ਵਿਰਦੀ, ਯੂ.ਕੇ. ਤੋਂ ਹਰਬੰਸ ਲਾਲ ਸ਼ੌਕੀ, ਰਾਜੂ ਕਾਮਲੇ (ਏਮ ਸੰਸਥਾ) ਕਵੀ ਸੋਹਣ ਸਿੰਘ, ਇੰਡੀਆ ਤੋਂ ਸ੍ਰੀ ਰੱਤੀ ਲਾਲ ਕੇ. ਵਰਮਾ ਸਾਬਕਾ ਐਮ. ਪੀ., ਲੋਕ ਸਭਾ, ਸ੍ਰੀਮਤੀ ਹਰਵਿੰਦਰ ਕੌਰ, ਕੈਨੇਡਾ ਤੋਂ ਸ੍ਰੀ ਆਨੰਦ ਬਾਲੀ, ਡਾ. ਬੀ. ਆਰ. ਅੰਬੇਦਕਰ ਸੰਸਥਾ ਦੇ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਰਤਨ, ਗਾਇਕ ਰਾਮ ਲੁਭਾਇਆ ਚੁੰਬਰ, ਬਾਬਾ ਰਵਿੰਦਰ ਹੀਰ, ਸ੍ਰੀ ਦੇਵ ਭੱਟੀ, ਸ੍ਰੀ ਸੇਵਾ ਬਿਰਦੀ, ਸ੍ਰੀ ਅਮਰਜੀਤ ਬੇਗਮਪੁਰੀਆ, ਗੀਤਾਂ ਰਾਹੀਂ ਅਤੇ ਆਪਣੇ ਵਿਚਾਰਾਂ ਦੁਆਰਾ ਦੱਬੇ-ਕੁੱਚਲੇ ਲੋਕਾਂ ਦੇ ਮਸੀਹਾ, ਗ਼ਰੀਬਾਂ ਦੇ ਮੁਕਤੀਦਾਤਾ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ ਸੰਘਰਸ਼ਾਂ ਬਾਰੇ ਚਾਨਣਾ ਪਾਉਣਗੇ। ਉਨ੍ਹਾਂ ਦੁਆਰਾ ਆਏ ਪਰਿਵਰਤਨ ਦਾ ਵਿਸਥਾਰ ਕਰਨਗੇ। ਸ੍ਰੀ ਰਾਜ ਕੁਮਾਰ ਹਨੇਰਾ ਕਾਮੇਡੀਅਨ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਉਣਗੇ।

**ਮੁੱਖ ਪ੍ਰਯੋਜਕ :** ਸ੍ਰੀ ਨਰੇਸ਼ ਕੁਮਾਰ (ਸਪੀਡੋ ਕੰ:) ਸ੍ਰੀ ਲੱਡੂ ਸ਼ਾਹ ਬਿਰਕਾਂਵਾਲਾ, ਸ੍ਰੀ ਸੁਰਿੰਦਰ ਪਾਲ ਜੁੰਗਨੂੰ, ਸ੍ਰੀ ਅਸ਼ੋਕ ਮਾਹੀ (ਮਾਹੀ ਪੇਂਟਿੰਗ ਇੰਕ) ਸ੍ਰੀ ਗੁਰਮੇਲ ਚੁੰਬਰ, ਸ੍ਰੀ ਕਸ਼ਮੀਰ ਚੰਦ, ਸ੍ਰੀ ਮੰਗਤ ਰਾਮ ਬਿਰਕਾਂਵਾਲੇ , ਫਾਈਵ ਸਟਾਰ ਡਾਈਨਰ ਰੈਸਟੋਰੈਂਟ । ਸ੍ਰੀ ਜਸਵਿੰਦਰ ਸਿੰਘ ਮਹੇ, ਸ੍ਰੀ ਪਰਮਜੀਤ ਸੰਗਲ ਸੋਹਲ, ਸ੍ਰੀ ਕੁੰਦਨ ਲਾਲ ਸੰਗਲ ਸੋਹਲ, ਸ੍ਰੀ ਹਰਬਲਾਸ ਰਾਮ ਲਾਲੀ, ਸ੍ਰੀ ਗੁਰਮੇਜ ਪਾਲ, ਸ੍ਰੀ ਬਿਸ਼ੰਬਰ ਦਾਸ, ਸ੍ਰੀ ਕੁਲਵਿੰਦਰ ਸਿੰਘ ਭੂਖੜੀ, ਸ੍ਰੀ ਵਿਲੀ ਭੂਖੜੀ, ਸ੍ਰੀ ਜੀਤ ਰਾਮ ਜੈਤੇਵਾਲ, ਸ੍ਰੀ ਕ੍ਰਿਪਾਲ ਸਿੰਘ ਡੱਲੀ, ਸ੍ਰੀ ਸੁਰਿੰਦਰ ਸਿੰਘ ਫ਼ੌਜੀ ਚੇਅਰਮੈਨ ਤ੍ਰਿਕਾਲ ਮੰਦਿਰ ਨਿਊਯਾਰਕ।

### ਸਹਿਯੋਗੀ ਸੱਜਣ

ਸ੍ਰੀ ਬਲਬੀਰ ਚੰਦ ਚੁੰਬਰ, ਚੂਹੜ ਸਿੰਘ ਸਿੱਧੂ, ਮੱਖਣ ਸਿੰਘ ਫ਼ਰਾਲਾ, ਨਿਰਮਲ ਮੋਰੋ, ਸੋਹਣ ਲਾਲ ਝਿੱਕਾ, ਬਾਸਦੇਵ ਜੱਸਲ, ਸੰਸਾਰਾ ਰਾਮ ਘੇੜਾ, ਬਲਵੀਰ ਚੌਹਾਨ, ਹਰਦੇਵ ਸਹਾਏ, ਮੁਲਖ ਰਾਜ ਪਾਲ, ਹਰਬਲਾਸ ਰਾਮ ਲਾਲੀ, ਅਮਰਜੀਤ ਬੂਟਾ।

### ਹੋਰ ਜਾਣਕਾਰੀ ਲਈ ਸੰਪਰਕ ਕਰੋ

ਪ੍ਰਧਾਨ ਸ੍ਰੀ ਪਰਮਜੀਤ ਕਾਮਾਮ ਫ਼ੋਨ : 646-331-1206 , ਚੇਅਰਮੈਨ ਸ੍ਰੀ ਮਦਨ ਸਿੰਘ ਬੱਧਨ ਫ਼ੋਨ :914-439-8303, ਵਾਈਸ ਪ੍ਰਧਾਨ ਸ੍ਰੀ ਹਰਨਾਮ ਦਾਸ ਰੱਤੂ ਫ਼ੋਨ : 732-486-9665, ਮੁੱਖ ਸਲਾਹਕਾਰ ਸ੍ਰੀ ਪਿੰਦਰ ਪਾਲ ਫ਼ੋਨ :718-610-9192, ਕੈਸ਼ੀਅਰ ਸ੍ਰੀ ਪਵਨ ਕੁਮਾਰ ਜੱਸਲ ਫੋਨ : 646-346-9565, ਸਕੱਤਰ ਸ੍ਰੀ ਰਾਮ ਸਰੂਪ ਬੰਗੜ।

ਜਾਰੀ ਕਰਤਾ:

## ਬੇਗਮਪੁਰਾ ਕਲਚੁਰਲ ਸੁਸਾਇਟੀ ਆਫ ਨਿਊਯਾਰਕ ਇੰਕ

**25-11 86TH STREET , EAST ELMHURST NY,11369**